ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

# ਮੰਦਾ ਕਿਸੈ ਨ ਆਖੀਐ ਪੜਿ ਅਖਰੁ (ਏਹੋ ਬੁਝੀਐ)

We Shouldn't Call Anyone BAD, Reading Words (SCRIPTURES) We Learn THIS

MAY 1997

ਮਈ 1997

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | |
|---|---|---|
| ੧. | ਅੰਮ੍ਰਿਤ ਕੀ ਸਾਰ ਸੋਈ ਜਾਣੈ | ੧ |
| ੨ | ਭੱਟਾਂ ਦੇ ਸਵੱਈਆਂ ਪਰ ਵਿਚਾਰ | ੪ |
| ੩. | ਸਿੱਖ ਧਰਮ ਵਿਚ ਕੇਸਾਂ ਦੀ ਮਹੱਤਤਾ | ੧੦ |
| ੪. | ਗੁਰਮੁਖ ਪੰਥ ਅਤੀਤੰ | ੧੩ |
| ੫. | ਗੁਰੂ ਗ੍ਰੰਥ ਤੇ ਪੰਥ | ੧੪ |
| ੬. | ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ | ੧੯ |
| ੭. | ਮਾਸੁ ਖਾਨਿ ਗਲ ਵਢਿ ਕੈ | ੨੨ |
| ੮. | ਅੰਮ੍ਰਿਤਧਾਰੀ ਨਾਮ ਰਸੀਆਂ ਦਾ ਸਜਾਇਆ ਲੰਗਰ | ੨੬ |
| ੯. | ਭੰਗਾਣੀ ਦਾ ਯੁੱਧ-੩ | ੨੮ |
| ੧੦. | ਬੁਰੇ ਭਲੇ ਦੀ ਸੋਝੀ ਨਾਹੀ | ੩੧ |
| ੧੧. | Gurudwara-An Institution | ੩੪ |
| ੧੨ | ਸਿਰਨੰਗ ਨਿਸ਼ੇਧ | ੩੬ |
| ੧੩. | ਸ੍ਰੀ ਅਕਾਲ ਤਖਤ ਸਾਹਿਬ ਤੇ ਰਾਗਮਾਲਾ ਸਬੰਧੀ | ੩੮ |
| ੧੪. | ਕੇਸਾਂ ਦੀ ਮਹਾਨਤਾ | ੪੦ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਜਨਮ ਸਾਹਿਬਜ਼ਾਦਾ ਅਜੀਤ ਸਿੰਘ ਜੀ | 4 ਮਈ |
| ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ | 21 ਮਈ |
| ਪ੍ਰਕਾਸ਼ ਸ੍ਰੀ ਗੁਰੂ ਅੰਗਦ ਦੇਵ ਜੀ | 7 ਮਈ |
| ਗੁਰਿਆਈ ਸ੍ਰੀ ਗੁਰੂ ਹਰਿਗੋਬਿੰਦ ਜੀ | 29 ਮਈ |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ - ਸਬ ਆਫ਼ਿਸ "ਸੂਰਾ"- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ - ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ - ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ - ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ - ਭਾਈ ਫੌਜਿੰਦਰ ਸਿੰਘ ਜੀ, ੫੩੨/੩ -ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ - ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ - ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ - ਭਾਈ ਗੋਬਿੰਦ ਸਿੰਘ ਜੀ, ਮਕਾਨ ਨੰ: ੭੮੧੯. ਨੇੜੇ ਡੰਗਰਾਂ ਦਾ ਹਸਪਤਾਲ ਫੋਨ ੨੧੭੭੪੩।
੯. ਮੋਗਾ - ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ - ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ - ਸ੍ਰ: ਪਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ-੧੩੫੦੦੧ ਫੋਨ: ੨੬੨੧੭
੧੨. ਸੰਗਰੂਰ - ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ - ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋਡ।

ਸੂਚਨਾ - ਹਰ ਐਤਵਾਰ ਸੂਰਾ ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

### ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ - ਭਾਈ ਗੁਰਨਾਮ ਸਿੰਘ ਜੀ ੧੦-Lambourne Gardens, Earley Reading, Berks U.K. Tel. ੦੧੭੩੪-੨੬੭੯੦੦
੨. ਅਮਰੀਕਾ - ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ - ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ - ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੬੧੮੬੩੪੮੪੧.
੫. ਨੀਊਜ਼ੀਲੈਂਡ - ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

### ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ :-

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ. ਪੀ.-243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ, ਜਥੇ ਵਲੋ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ-੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੧
ਮਈ ੧੯੯੭
ਅੰਕ ੫

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ.....੧੦੦.੦੦, ਹਵਾਈ ਡਾਕ.......੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

ਜੋ ਜੋ ਪੀਵੈ ਸੋ ਤ੍ਰਿਪਤਾਵੈ।। ਅਮਰ ਹੋਵੈ ਜੋ ਨਾਮੁ ਰਸੁ ਪਾਵੈ।।
ਨਾਮ ਨਿਧਾਨ ਤਿਸਹਿ ਪਰਾਪਤਿ, ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ।।੨।।

## ਅੰਮ੍ਰਿਤ ਕੀ ਸਾਰ ਸੋਈ ਜਾਣੈ

ਅਹਿਨਿਸਿ ਜਾਗੈ ਨੀਦ ਨ ਸੋਵੈ।। ਸੋ ਜਾਣੈ ਜਿਸੁ ਵੇਦਨ ਹੋਵੈ।।
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ, ਵੈਦੁ ਕਿ ਜਾਣੈ ਕਾਰੀ ਜੀਉ।।੧।।
ਜਿਸਨੋ ਸਾਚਾ ਸਿਫਤੀ ਲਾਏ।। ਗੁਰਮੁਖਿ ਵਿਰਲੇ ਕਿਸੈ ਬੁਝਾਏ।।
ਅੰਮ੍ਰਿਤ ਕੀ ਸਾਰ ਸੋਈ ਜਾਣੈ, ਜਿ ਅੰਮ੍ਰਿਤ ਕਾ ਵਾਪਾਰੀ ਜੀਉ।।੧।।ਰਹਾਉ।।
ਪਿਰ ਸੇਤੀ ਧਨੁ ਪ੍ਰੇਮ ਰਚਾਏ।। ਗੁਰ ਕੈ ਸਬਦਿ ਤਥਾ ਚਿਤੁ ਲਾਏ।।
ਸਹਜ ਸੇਤੀ ਧਨ ਖਰੀ ਸੁਹੇਲੀ, ਤ੍ਰਿਸਨਾ ਤਿਖਾ ਨਿਵਾਰੀ ਜੀਉ।।੨।।
ਸਹਸਾ ਤੋੜੇ ਭਰਮੁ ਚੁਕਾਏ।। ਸਹਜੇ ਸਿਫਤੀ ਧਣਖੁ ਚੜਾਏ।।
ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ।।੩।।
ਹਉਮੈ ਜਲਿਆ ਮਨਹੁ ਵਿਸਾਰੇ।। ਜਮਪੁਰਿ ਵਜਹਿ ਖੜਗ ਕਰਾਰੇ।।
ਅਬ ਕੈ ਕਹਿਐ ਨਾਮੁ ਨ ਮਿਲਈ, ਤੂ ਸਹੁ ਜੀਅੜੇ ਭਾਰੀ ਜੀਉ।।੪।।
ਮਾਇਆ ਮਮਤਾ ਪਵਹਿ ਖਿਆਲੀ।। ਜਮਪੁਰਿ ਫਾਸਹਿਗਾ ਜਮਜਾਲੀ।।
ਹੇਤ ਕੇ ਬੰਧਨ ਤੋੜਿ ਨ ਸਾਕਹਿ, ਤਾ ਜਮੁ ਕਰੇ ਖੁਆਰੀ ਜੀਉ।।
ਨਾ ਹਉ ਕਰਤਾ ਨਾ ਮੈ ਕੀਆ।। ਅੰਮ੍ਰਿਤੁ ਨਾਮੁ ਸਤਿਗੁਰਿ ਦੀਆ।।
ਜਿਸ ਤੂ ਦੇਹਿ ਤਿਸੈ ਕਿਆ ਚਾਰਾ, ਨਾਨਕ ਸਰਣਿ ਤੁਮਾਰੀ ਜੀਉ।।੬।।੧।।੧੨।।

ਮਾਰੂ ਮਹਲਾ ੧ ਘਰੁ ੫ (ਪੰਨਾ ੯੯੩)

ਵਿਆਖਿਆ : ਅਸਥਾਈ (ਰਹਾਉ) ਵਾਲੀਆਂ ਪੰਗਤੀਆਂ ਇਹ ਤਤ-ਕਰਮ-ਸਾਰੀ ਸਾਰੇ ਭੇਦ ਭੇਦਾਉਂਦੀਆਂ ਹਨ ਕਿ ਸਚਾ ਸਿਫਤੀਸੁਰ ਵਾਹਿਗੁਰੂ ਆਪ ਜਿਸ ਨੂੰ ਸਿਫਤਿ ਸਲਾਹ ਬਖ਼ਸ਼ਦਾ ਹੈ ਸੋਈ ਗੁਰਮੁਖ ਜਨ ਸਿਫਤਿ-ਸਾਲਾਹੀ ਅਭਿਆਸੀ ਕਮਾਈਆਂ ਵਿਚਿ ਤਤਪਰ ਹੋ ਕੇ ਲਗਦਾ ਹੈ। ਵਿਰਲੇ ਕਿਸੇ ਗੁਰਮੁਖ ਨੂੰ ਹੀ ਇਹ ਰਾਜ਼ ਸਚੀ ਸਿਫਤਿ ਸਾਲਾਹ (ਗੁਰਮਤਿ ਨਾਮ ਗੁਰਮੰਤਰ) ਦਾ ਦਸਦਾ ਬੁਝਾਉਂਦਾ ਹੈ। ਆਪੇ ਹੀ ਨਾਮ ਅੰਮ੍ਰਿਤ ਦੇ ਵਪਾਰੀ, ਅੰਮ੍ਰਿਤ ਛਕਣ ਦੇ ਅਧਿਕਾਰੀ ਲੱਭ ਲੈਂਦਾ ਹੈ। ਤਿਨ੍ਹਾਂ ਨੂੰ ਆਪ ਹੀ ਅੰਮ੍ਰਿਤ ਦੀ ਸਾਰ ਜਣਾਇ ਦਿੰਦਾ ਹੈ। ਅੰਮ੍ਰਿਤ


www.AKJ.Org

ਦੀ ਸਹੀ ਸਾਰ ਜਾਨਣਹਾਰੇ ਹੀ ਅੰਮ੍ਰਿਤ ਪਦਾਰਥ ਦੇ ਵਪਾਰੀ ਬਣਦੇ ਹਨ। ਬਣਾਏ ਹੀ ਬਣਦੇ ਹਨ। ਆਪੇ ਹੀ ਬਣਾਉਂਦਾ ਹੈ।

ਐਸੇ ਵਾਹਿਗੁਰੂ ਦੇ ਆਪਿ ਬਣਾਏ ਹੋਏ ਅੰਮ੍ਰਿਤ ਦੇ ਵਾਪਾਰੀ ਅੰਮ੍ਰਿਤ-ਨਾਮ ਦੀ ਕਮਾਈ ਕਰਦੇ ਹੋਏ ਦਿਨੇ ਰਾਤ ਅਭਿਆਸ ਕਮਾਈ ਕਰਨ ਵਿਚਿ ਜੁਟੇ ਹੀ ਰਹਿੰਦੇ ਹਨ। ਗ਼ਫ਼ਲਤ ਦੀ ਨੀਂਦੇ ਨਹੀਂ ਸਉਂਦੇ। ਅਰਥਾਤ ਅਭਿਆਸ ਕਮਾਈ ਤੋਂ ਗ਼ਾਫ਼ਲ ਹੋ ਕੇ ਇਕ ਛਿਨ ਭੀ ਕਮਾਈ ਕਰਨੋਂ ਨਹੀਂ ਅਵੇਸਲੇ ਹੋ ਕੇ ਰਹਿੰਦੇ ਬਹਿੰਦੇ। ਸਾਵਧਾਨ (ਸੁਜਾਨ) ਹੋ ਕੇ ਅਭਿਆਸ ਕਮਾਈਆਂ ਵਿਚਿ ਹੀ ਰਾਤ ਦਿਨੇ ਜਾਗਦੇ ਰਹਿੰਦੇ ਹਨ। ਇਕ ਪਲਕ ਭਰ ਭੀ ਨਹੀਂ ਸਉਂਦੇ। ਜਿਨ੍ਹਾਂ ਦੇ ਅੰਦਰਿ ਪ੍ਰੇਮ ਦੀਆਂ ਕਾਨੀਆਂ ਲੱਗੀਆਂ ਹੁੰਦੀਆਂ ਹਨ ਉਹਨਾਂ ਨੂੰ ਕਾਹਨੂੰ ਨੀਂਦ ਆਉਂਦੀ ਹੈ। ਇਸ ਬੇਦਨੀ ਬਿਵਸਥਾ ਨੂੰ ਸੋਈ ਜਾਣਦੇ ਹਨ। ਜਿਨ੍ਹਾਂ ਨਾਲਿ ਵਾਪਰੀ ਵਰਤੀ ਹੁੰਦੀ ਹੈ। ਉਹ ਜੇ ਇਕ ਛਿਨ ਭੀ ਨਾਮ ਅਭਿਆਸ ਤੋਂ ਵਿਰਵੇ ਹੋ ਜਾਂਦੇ ਹਨ ਤਾਂ ਓਹਨਾਂ ਦੇ ਭਾ ਦੀ ਬਣ ਜਾਂਦੀ ਹੈ। ਉਹਨਾਂ ਦੀ ਜਾਨ ਲਬਾਂ ਤੇ ਆ ਜਾਂਦੀ ਹੈ। *"ਆਖਾ ਜੀਵਾ ਵਿਸਰੈ ਮਰਿ ਜਾਉ"* ਦੇ ਭਾਵ ਵਾਲੀ ਘਟਨਾ ਉਹਨਾਂ ਤੇ ਐਨ ਘਟਦੀ ਹੈ। ਨਾਮ ਸਿਮਰਨ ਆਖਣ ਭਾਖਣ ਹੀ ਉਹਨਾਂ ਦਾ ਜੀਵਨ-ਆਧਾਰੁ ਹੈ। ਪਰ ਨਾਮ ਤੋਂ ਵਿਸਰਜਤ ਹੋਇਆਂ, ਵਿਸਰਿਆਂ ਉਹਨਾਂ ਦਾ ਮਰਨ ਹੋ ਜਾਂਦਾ ਹੈ। ਇਕ ਛਿਨ ਭੀ ਨਾਮ ਤੋਂ ਵਿਸਰਨ ਦੀ ਪੀੜ ਉਹਨਾਂ ਲਈ ਮਰਨ ਦੀ ਭੀੜ ਵੇਦਨ ਸਦਰਸ ਹੈ। ਐਸੀ ਪ੍ਰੇਮ-ਵੇਦਨ ਵਾਲੇ ਹੀ ਅਹਿਨਿਸਿ ਸਿਮਰਨ ਵਿਚਿ ਜਾਗਦੇ ਹਨ ਅਤੇ ਇਕ ਨਿਮਖ ਮਾਤਰ ਨਹੀਂ ਸਉਂਦੇ। ਜਿਨ੍ਹਾਂ ਨੂੰ ਸਚੇ ਰੱਬੀ ਪ੍ਰੇਮ-ਇਸ਼ਕ ਪ੍ਰਮਾਰਥੀ ਦੀਆਂ ਸੱਚੀਆਂ ਲਿਲਾਂ ਲਗੀਆਂ ਹੁੰਦੀਆਂ ਹਨ ਸੋਈ ਇਸ ਵੇਦਨੀ ਬਿਵਸਥਾ ਦੀ ਸਾਰ ਜਾਣਦੇ ਹਨ। ਜਿਨ੍ਹਾਂ ਦਾ ਹੀਅਰਾ ਜੀਅਰਾ ਪ੍ਰੇਮ ਦੇ ਤੀਰਾਂ ਨਾਲਿ ਵਿੰਨ੍ਹਿਆਂ ਹੋਇਆ ਹੁੰਦਾ ਹੈ ਉਹਨਾਂ ਦੇ ਹਾਲ ਦੀ ਅਉਖਧੀ, ਉਹਨਾਂ ਦੀ ਦੁਖ ਦਾਰਨੀ ਦਾਰੂ, ਇਹ ਦੁਨੀਆਂ ਵੀ ਵੈਦ ਹਕੀਮ ਕੀ ਜਾਣਦੇ ਹਨ। ਜਾਣ ਹੀ ਨਹੀਂ ਸਕਦੇ।

ਪ੍ਰੀਤਮ ਪ੍ਰਮਾਤਮਾ ਰੂਪੀ ਖਸਮ ਸੇਤੀ ਐਸਾ-ਵੇਦਨੀ-ਪ੍ਰੇਮ ਕੋਈ ਵਿਰਲੀ ਵਡਭਾਗਣ ਪ੍ਰਮਾਰਥੀ ਜਗਿਆਸਾ ਵਾਲੀ ਜਗਿਆਸਣ ਇਸਤ੍ਰੀ ਹੀ ਰਚਾਉਂਦੀ ਹੈ। ਪਰ ਜਦ ਰਚਾਉਂਦੀ ਹੈ ਤਦ ਗੁਰ ਕੇ ਸਬਦ ਦੁਆਰਾ ਹੀ ਹਿਤੋਂ ਚਿਤੋਂ ਰਚਾਉਂਦੀ ਹੈ। ਹਿਤੋਂ ਚਿਤੋਂ ਗੁਰਮੰਤਰ (ਗੁਰਮਤਿ ਨਾਮ) ਦੀ ਅਭਿਆਸਣ ਹੋ ਕੇ ਹੀ ਐਸਾ ਨੇਹੁ ਲਾਉਂਦੀ ਰਚਾਉਂਦੀ ਹਿਤ ਚਿਤਾਉਂਦੀ ਹੈ। ਐਸੀ ਸਚੜਾ-ਨੇਹੁ-ਪ੍ਰੇਮ ਰਚਾਉਣ ਵਾਲੀ ਇਸਤ੍ਰੀ ਪਰਮਾਰਥ ਦੀ ਸਹਿਜ ਅਵਸਥਾ ਨੂੰ ਪ੍ਰਾਪਤਿ ਹੋ ਕੇ ਸੁਤੇ ਸਹਿਜ ਹੀ ਖਰੀ ਸੁਹੇਲੀ ਹੋ ਜਾਂਦੀ ਹੈ। ਉਸ ਦੇ ਦੂਖ ਦਾਰਦ ਸਭ ਮਿਟ ਜਾਂਦੇ ਹਨ। ਸੁਖ ਸਹਿਜ ਦੀ ਖਰੀ ਸੁਹੇਲਤਾ ਉਸ ਨੂੰ ਪ੍ਰਾਪਤਿ ਹੋ ਜਾਂਦੀ ਹੈ। ਉਸ ਦੀਆਂ ਸਾਰੀਆਂ ਡੰਝਾਂ ਲਹਿ ਜਾਂਦੀਆਂ ਹਨ।

ਉਸਦੇ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ। ਸਾਰੇ ਭਰਮ ਚਕਨਾ-ਚੂਰ ਹੋ ਜਾਂਦੇ ਹਨ। ਉੱਕੇ ਪੁੱਕੇ ਹੀ ਚੁੱਕੇ ਜਾਂਦੇ ਹਨ। ਉਹ ਸੁਆਸ-ਅਭਿਆਸੀ ਲਿਵਤਾਰੀ ਦਾ ਐਸਾ ਖੰਡਾ ਖੜਕਾਉਂਦੇ ਹਨ। ਐਸੇ ਅਰਧ ਉਰਧੀ ਪ੍ਰੇਮ-ਅਭਿਆਸ ਦੇ ਚਾਬਕ ਕਸ ਕਸ ਕੇ ਚਲਾਉਂਦੇ ਹਨ, ਨਾਭੀ ਵਿਚਿ ਸੁਆਸ ਟਿਕਾ ਕੇ ਰਸ-ਜੇਤਿ ਬਿਧੰਨੇ ਹੋਇ ਕੇ ਸਿਫ਼ਤਿ ਸਾਲਾਹ ਦੀ ਧਣਖ (ਕਮਾਣ) ਦਾ ਐਸਾ ਚਿੱਲਾ ਚੜ੍ਹਾਉਂਦੇ ਹਨ ਕਿ *"ਗੁਰ ਕੈ ਸਬਦਿ ਮਰੈ ਮਨੁ ਮਾਰੈ"* ਵਾਲੀ ਸੁੰਦਰ ਯੋਗ ਅਵੱਸਥਾ ਵਾਲੇ ਸੱਚੜੇ ਤੇ ਸੁੰਦਰਾਵਲੇ ਜੋਗਾਧਾਰੀ (ਸਹਿਜ ਜੋਗ ਅਭਿਆਸੀ) ਹੋ ਜਾਂਦੇ ਹਨ। ਪ੍ਰੇਮ-ਬਾਣੀ ਰੂਪੀ ਬਾਣ ਮਾਰ ਮਾਰ ਕੇ, ਸਿੰਨ ਸਿੰਨ ਕੇ, ਪ੍ਰੇਮ-ਬਾਣੀ ਦੇ ਬਾਣ ਚਲਾ ਕੇ ਐਸਾ ਸੁਆਸ ਅਭਿਆਸੀ ਚਿਲ੍ਹਾ ਚੜ੍ਹਾਉਂਦੇ ਹਨ ਕਿ ਅਣੀਆਲੇ ਬਾਣਾਂ (ਤੀਰਾਂ) ਦੀ ਅਣੀ ਹਿਰਦਾ ਵੇਧ ਕੇ ਵਿਚੇ ਹੀ ਅੜੀ ਰਹਿੰਦੀ ਹੈ। ਨਿਕਾਲੀ ਨਿਕਲਦੀ ਨਹੀਂ। ਨਿਕਲੇ ਕਿਵੇਂ, ਕਢਣ ਨੂੰ ਜੀਉ ਹੀ ਨਹੀਂ ਕਰਦਾ। ਪਿਰੰਮ ਦੀ ਐਸੀ ਸੁਆਦਲੀ ਪੀੜ ਹੈ ਕਿ ਉਸ ਨੂੰ ਜਰਨ ਵਾਲੇ ਜਰੀਏ ਹੀ ਜਾਣਦੇ ਹਨ, *"ਉਹ ਮਰਿ ਜੀਵੈ ਮਰੀਆ"* ਦੀ ਸਹਿਜ ਆਤਮ-ਅਵਸਥਾ ਵਾਲੇ ਜੀਵਨ-ਮੁਕਤ ਮਰਿ-ਜੀਵੜੇ ਬਣ ਜਾਂਦੇ ਹਨ। ਇਉਂ ਗੁਰ-ਸ਼ਬਦ ਦੀ ਪਾਰਸ ਅਭਿਆਸ ਕਲਾ ਉਹਨਾਂ ਦੇ ਅੰਦਰਿ-ਆਤਮੇ ਵਰਤ ਜਾਂਦੀ ਹੈ ਕਿ ਉਹ ਸਚ ਮੁਚ ਮਰਜੀਵੇ ਹੋ ਜਾਂਦੇ ਹਨ। ਐਸੇ ਸੁੰਦਰ ਜੋਗਾਧਾਰੀ ਮਰਿ-ਜੀਵੜੇ ਗੁਰਮੁਖ ਜਨ ਗੁਰ ਕਰਤਾਰ ਦੇ ਬਣਾਏ ਹੋਏ ਹੀ ਬਣਦੇ ਹਨ। ਉਸ ਦੀ ਨਦਰ ਦਾ ਸਦਕਾ ਹੀ ਬਣਦੇ ਹਨ। ਆਪੇ ਕੋਈ ਨਹੀਂ ਬਣ ਸਕਦਾ। ਹਉਮੈ ਨੂੰ ਮਾਰ ਕੇ ਮਰਦੇ ਹਨ। ਗੁਰਮੁਖਾਂ ਦੀ ਇਹ ਹਉਮੈ ਗੁਰ ਕਰਤਾਰ ਦੀ ਕਿਰਪਾ ਨਾਲ ਹੀ ਮਰਦੀ ਹੈ।

ਜੋ ਗੁਰੂ ਤੋਂ ਬੇਮੁਖ ਹਨ, ਮਨਮੁਖ ਹਨ, ਉਹ



www.AKJ.Org

ਅਹਿਨਿਸਿ ਹਉਮੈ ਦੀ ਅਗਨੀ ਵਿਚ ਹੀ ਸੜੇ ਬੁਝੇ ਕੁੜ੍ਹੇ ਰਹਿੰਦੇ ਹਨ। ਐਸੇ ਹਉਮੈ ਦੀ ਅਗਨੀ ਨਾਲਿ ਜਲਿਆਂ ਦਧਿਆਂ ਨੂੰ ਵਾਹਿਗੁਰੂ ਕਰਤਾ ਪੁਰਖ ਕਦੇ ਚੇਤੇ ਹੀ ਨਹੀਂ ਆਉਂਦਾ। ਉਹ ਉੱਕਾ ਹੀ ਵਾਹਿਗੁਰੂ ਤੇ ਵਾਹਿਗੁਰੂ ਨਾਮ ਨੂੰ ਮਨਹੁ ਵਿਸਾਰ ਦਿੰਦੇ ਹਨ। ਵਾਹਿਗੁਰੂ ਵਿਸਾਰਨ-ਹਾਰੇ ਅਜਿਹੇ ਮਨਮੁਖਾਂ ਨੂੰ ਜਮਪੁਰੇ ਵਿਚਿ ਜਾ ਕੇ ਜਮਾਂ ਦੇ ਖੜਗ ਕਰਾਰੇ ਵਜਦੇ ਹਨ। ਜਦੋਂ ਜਮਾਂ ਦੇ ਗੁਰਜ ਪੈਣ ਲਗਦੇ ਹਨ, ਫੇਰ ਉਹ ਕੂਕਦੇ ਹਨ ਤੇ ਕਹਿ ਉਠਦੇ ਹਨ ਕਿ ਅਗਾਂਹ ਨੂੰ ਨਾਮ ਜਪਾਂਗੇ। ਪਰ *"ਅਬ ਕੈ ਕਹਿਐ ਨਾਮੁ ਨ ਮਿਲਈ"* ਹੁਣ ਦੀ ਕੂਕ ਪੁਕਾਰ ਤੋਂ ਕੀ ਬਣਦਾ ਹੈ ! ਅਤੇ ਉਹਨਾਂ ਦਾ ਆਖਿਆ ਕਉਣ ਸੁਣਦਾ ਹੈ ! ਉਸ ਵੇਲੇ ਦੀ ਭਾਰੀ ਭੀੜੀ ਬਣੀ ਨੂੰ ਸਿਰ ਤੇ ਸਹਿਣਾ ਪੈਂਦਾ ਹੈ। ਕਦੇ ਛੁਟਕਾਰਾ ਨਹੀਂ ਹੋ ਸਕਦਾ।

ਮੁਗਧਰਾਂ ਦੀ ਮਾਰ ਤੋਂ ਜਮਪੁਰ ਜਾ ਕੇ ਇਹ ਹਾਲ ਉਨ੍ਹਾਂ ਦਾ ਹੁੰਦਾ ਹੈ ਜੋ ਮਾਤ ਲੋਕ ਵਿਖੇ ਸਾਰੀ ਉਮਰ ਰਹਿੰਦੇ ਮਾਇਆ ਮਮਤਾ ਦੇ ਅਲੂਦੇ ਖ਼ਿਆਲਾਂ ਵਿਚਿ ਹੀ ਲਿਬੜੇ ਰਹਿੰਦੇ ਹਨ। ਮਾਇਆ-ਮਮਤਾ ਵਾਲੇ ਕੰਮਾਂ ਵਿਚਿ ਲਿਬੜੇ ਰਹਿੰਦੇ ਹਨ। ਉਹਨਾਂ ਨੂੰ ਇਹ ਗੱਲ ਕਦੇ ਵੀ ਨਹੀਂ ਅਉੜਦੀ ਕਿ ਜਮਪੁਰ ਜਾ ਕੇ ਜਮ ਦੀ ਜਾਲੀ (ਫਾਸੀ) ਵਿਚਿ ਫਸਣਾ ਪਏਗਾ। ਪਰ ਜ਼ਰੂਰ ਫਸਣਾ ਪਏਗਾ। ਜੂਨੀਆਂ ਵਿਚ ਰਹਿੰਦੇ ਹੇਤ ਦੇ ਬੰਧਨ ਜੋ ਤੋੜ ਨਹੀਂ ਸਕਦੇ ਤਾਂ ਹੀ ਉਹਨਾਂ ਦੀ ਜਮਾਂ ਦੇ ਹਥੋਂ ਖੁਆਰੀ ਹੁੰਦੀ ਹੈ। ਜਮ-ਦੁਆਰੇ ਤਾਹੀਓਂ ਤਾਂ ਉਹਨਾਂ ਨੂੰ ਖੱਜਲ ਖੁਆਰ ਹੋਣਾ ਪਏਗਾ।

ਏਥੇ ਕਿਸੇ ਦਾ ਕੀਤਾ ਕੁਛ ਨਹੀਂ। ਕਿਸੇ ਦੇ ਵਸਿ ਦੀ ਗੱਲ ਹਰਗਿਜ਼ ਨਹੀਂ ਰਹਿੰਦੀ। ਜਿਸ ਨੂੰ ਉਸ ਦਾਤਾਰ ਗੁਰੂ ਕਰਤਾਰ ਨੇ ਬਖ਼ਸ਼ਣਾ ਹੁੰਦਾ ਹੈ ਤਿਸ ਨੂੰ ਇਸ ਮਾਨੁਖਾ ਜਨਮ ਵਿਖੇ ਹੀ ਅੰਮ੍ਰਿਤ ਦੀ ਦਾਤਿ ਮਿਲ ਜਾਂਦੀ ਹੈ, ਅੰਮ੍ਰਿਤ-ਨਾਮ ਪ੍ਰਾਪਤ ਹੋ ਜਾਂਦਾ ਹੈ। ਜਿਸ ਨੂੰ ਇਹ ਦਾਤਿ ਮਿਲ ਜਾਂਦੀ ਹੈ ਉਸ ਦਾ ਬਿਨ-ਚਾਹੇ ਸੁਤੇ ਹੀ ਖੰਡਾ ਖੜਕਣ ਲਗ ਪੈਂਦਾ ਹੈ। ਨਿਰਯਤਨ ਹੀ ਨਾਮ ਅਭਿਆਸ ਦੇ ਸਾਸ ਗਿਰਾਸੀ ਤੋਰੇ ਤੁਰੇ ਰਹਿੰਦੇ ਹਨ। ਜੇਬ-ਘੜੀ ਨੂੰ ਅੱਠ-ਪਹਿਰੀ ਚਾਬੀ ਦਿਤਿਆਂ ੨੪ ਘੰਟੇ ਘੜੀ ਚਲਦੀ ਰਹਿੰਦੀ ਹੈ। ਕਲਾਕ ਨੂੰ ਹਫ਼ਤੇਵਾਰ ਚਾਬੀ ਦੀ ਲੋੜ ਹੈ। ਪ੍ਰੰਤੂ ਅੰਮ੍ਰਿਤ-ਅਧਿਕਾਰੀ ਨੂੰ ਜੀਵਨ ਜੁਗਤਾਰੀ ਚਾਬੀ ਪੰਜਾਂ ਪਿਆਰਿਆਂ ਦੁਆਰਾ ਮਿਲਿਆਂ, ਇਕੋ ਵਾਰ ਮਿਲਿਆਂ, ਜੀਵਨ ਆਰਜਾਰੀ ਅਭਿਆਸਾਚਾਰੀ ਪੈਂਡੂਲਮ ਉਮਰ ਭਰ ਖੜਕਦਾ ਹੀ ਰਹਿੰਦਾ ਹੈ। ਕਦੇ ਬੰਦ ਨਹੀਂ ਹੁੰਦਾ। ਖੜਕਾਉਣਹਾਰੇ ਦਾ ਖੜਕਾਇਆ ਹੀ ਖੜਕਦਾ ਹੈ। ਜੇ ਵਿਚਿ ਵਿਚਾਲੇ ਬਿਘਨ ਨਾ ਪੈ ਜਾਣ, ਅਭਿਆਸੀ ਅਣਹੋਈ ਕਾਂਪ ਨਾ ਖਾ ਜਾਣ ਤਾਂ ਹੀ ਇਹ ਕਾਰ ਤੋੜ ਨਿਭਦੀ ਹੈ। ਨਿਭਾਉਣਹਾਰ ਨਿਭਾਉਂਦਾ ਹੈ। ਸੂਖਮ ਤੋਂ ਸੂਖਮ ਅਹੰਕਾਰ ਜੇ ਕਿਤੇ ਵਿਆਪ ਜਾਏ ਤਾਂ ਅਭਿਆਸੀ ਜਨ ਉਥੇ ਦੇ ਉਥੇ ਹੀ ਰਹਿ ਖੜੋਂਦੇ ਹਨ। ਫੇਰ ਕਿਤੇ ਸਤਿਸੰਗ ਟੋਰਾ ਲਗਿਆ ਅਗਾਹਾਂ ਤੁਰਦੇ ਹਨ। ਨਦਰ ਹੋ ਜਾਵੇ ਨਦਰੀ ਪੁਰਖ ਮਿਹਰਬਾਨ ਦੀ ਤਾਂ ਖੜਦੀਓਂ ਚੜ੍ਹਦੀ ਕਲਾ ਬਹੁੜ ਹੋ ਜਾਣ ਵਿਚਿ ਬਿਲਮ ਨਹੀਂ ਲਗਦਾ।

(ਵੱਲੋਂ : ਭਾਈ ਸਾਹਿਬ ਰਣਧੀਰ ਸਿੰਘ ਜੀ)

## ਲੰਗਰ ਵਿਚ ਪੰਗਤ

ਗੁਰੂ ਕੇ ਲੰਗਰ ਵਿਚ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ , ਭਾਂਵੇ ਉਹ ਕਿਸੇ ਸਿੱਖ ਸੰਪਰਦਾ ਦਾ ਹੀ ਆਗੂ ਕਿਉਂ ਨਾ ਹੋਵੇ, ਖਾਸ ਮਾਣ ਦੇਣਾ ਸਗੋਂ ਲੰਗਰ ਦੀ ਉਡੀਕ ਵਿਚ ਪਹਿਲਾਂ ਪੰਗਤ ਵਿਚ ਬੈਠੀ ਸੰਗਤ ਨੂੰ ਛੱਡ ਕੇ ਹਟਵੀਂ ਜਗ੍ਹਾ ਉਸ ਵਿਅਕਤੀ ਅਤੇ ਉਸਦੇ ਨਾਲ ਦੇ ਸਾਥੀਆਂ ਵਾਸਤੇ ਅਲੱਗ ਪੰਗਤ ਲਾ ਕੇ ਉਹਨਾਂ ਨੂੰ ਪਹਿਲਾਂ ਲੰਗਰ ਛਕਾਉਣਾ, ਜਿਥੇ ਲੰਗਰ ਦੀ ਮਰਿਆਦਾ ਦੀ ਘੋਰ ਉਲੰਘਣਾ ਹੈ ਉਥੇ ਗੁਰੂ ਕੀ ਸੰਗਤ ਦੀ ਵੀ ਭਾਰੀ ਬੇਅਦਬੀ ਹੈ। ਸੰਗਤ ਅਤੇ ਪੰਗਤ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਹਰ ਸਿੱਖ ਨੂੰ ਇਸ ਤਰਾਂ ਦੀ ਬੇਅਦਬੀ ਤੋਂ ਬਚਣਾ ਚਾਹੀਦਾ ਹੈ।


www.AKJ.Org

# ਭੱਟਾਂ ਦੇ ਸਵਈਆਂ ਪਰ ਵਿਚਾਰ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਅਕਾਲ ਪੁਰਖ ਕੀ ਦੇਹ, ਮਹਿ ਕੋਟਕ ਬਿਸਨ ਮਹੇਸ਼॥
ਕੋਟਿ ਇੰਦ੍ਰ ਬ੍ਰਹਮਾ ਕਿਤੇ, ਰਵਿ ਸਸਿ ਕੋਟਿ ਜਲੇਸ॥
(ਬ੍ਰਹਮ ਅਵਤਾਰ)

ਸ੍ਰੀ ਦਸਮੇਸ਼ ਜੀ ਦੇ ਇਸ ਮੁਖਵਾਕ ਅਨੁਸਾਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸੀ ਭਾਵ ਦੇ ਅਨੇਕਾਂ ਗੁਰਪ੍ਰਮਾਣਾਂ ਦੀ ਪੁਸ਼ਟੀ ਤਲੇ ਗੁਰਮਤਿ ਦਾ ਇਹ ਇਕ ਉਚਾ ਸੁਚਾ ਪਰਸਿਧ ਸਿਧਾਂਤ ਨਿਰੂਪਣ ਹੁੰਦਾ ਹੈ ਕਿ ਸ੍ਰੀ ਅਕਾਲ ਪੁਰਖ ਦੇ ਸਰਬ ਵਿਆਪਕ ਅਤੇ ਅਥਾਹ ਵੈਰਾਟ ਸਰੂਪ ਅੰਦਰ ਕੋਟਾਨ ਕੋਟ ਬ੍ਰਹਮੇ ਬਿਸ਼ਨ ਮਹੇਸ਼ ਅਤੇ ਬੇਅੰਤ ਅਤੇ ਕਰੋੜ ਇੰਦ ਚੰਦ ਸੂਰ (ਸੂਰਜ) ਲੁਪਤ ਛੁਪਤ ਹਨ, ਜੋ ਗਿਆਨ-ਖੰਡ ਖੁਲ੍ਹਣ ਪਸਚਾਤ ਨਾਮ-ਅਭਿਆਸੀ ਸਿਖ ਜਗਿਆਸੂਆਂ ਨੂੰ ਪ੍ਰਗਟ ਪਹਾਰੇ ਜਾਪਦੇ ਹਨ, ਇਸ ਗਿਆਨ ਖੰਡ ਦੇ ਹੂਬਹੂ ਨਕਸ਼ੇ ਨੂੰ, ਸਾਂਗੋ ਪਾਂਗ ਪੇਖੇ ਪਿਖਾਏ ਨਕਸ਼ੇ ਨੂੰ ਸ੍ਰੀ ਜਪੁਜੀ ਸਾਹਿਬ ਜੀ ਦੀ ਮੂਲ ਮੰਤਰ ਰੂਪੀ ਗੁਰਬਾਣੀ ਅੰਦਰ ਇਸ ਪ੍ਰਕਾਰ ਉਤਾਰਿਆ ਗਿਆ ਹੈ-

ਕੇਤੇ ਪਵਣ ਪ੍ਰਾਣੀ ਵੈਸੰਤਰ,
ਕੇਤੇ ਕਾਨ੍ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ,
ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ, ਮੇਰ ਕੇਤੇ,
ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ,
ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ,
ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ ਮੁਨਿ ਕੇਤੇ,
ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ, ਕੇਤੀਆ ਬਾਣੀ,
ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ, ਸੇਵਕ ਕੇਤੇ,
ਨਾਨਕ ਅੰਤੁ ਨ ਅੰਤੁ॥੩੫॥

ਅਕਾਲ ਪੁਰਖ ਦੇ ਇਸ ਅਥਾਹ ਵੈਰਾਟ ਸਰੂਪ ਅੰਦਰ ਬੇਅੰਤ ਰਚਨਾ ਦੀ ਅਪਾਰ ਲੀਲ੍ਹਾ ਨਿਰੂਪਣੀ ਪ੍ਰੇੜ੍ਹਤਾ ਸ੍ਰੀ ਸੁਖਮਨੀ ਸਾਹਿਬ ਦੀ ਦਸਵੀਂ ਅਸ਼ਟਪਦੀ ਦੀਆਂ ਹੇਠ ਲਿਖੀਆਂ ਤੁਕਾਂ ਇਸ ਪ੍ਰਕਾਰ ਕਰਾਉਂਦੀਆਂ ਹਨ-

ਕਈ ਕੋਟਿ ਪਵਣ ਪਾਣੀ ਬੈਸੰਤਰ॥
ਕਈ ਕੋਟਿ ਦੇਸ ਭੂ ਮੰਡਲ॥
ਕਈ ਕੋਟਿ ਸਸੀਅਰ ਸੂਰ ਨਖੵਤ੍ਰ॥
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ...॥੩॥......
ਕਈ ਕੋਟਿ ਕੀਏ ਰਤਨ ਸਮੁਦ॥
ਕਈ ਕੋਟਿ ਨਾਨਾ ਪ੍ਰਕਾਰ ਜੰਤ॥...॥੪॥
ਕਈ ਕੋਟਿ ਖਾਣੀ ਅਰੁ ਖੰਡ॥
ਕਈ ਕੋਟਿ ਅਕਾਸ ਬ੍ਰਹਮੰਡ॥
ਕਈ ਕੋਟਿ ਹੋਏ ਅਵਤਾਰ॥
ਕਈ ਜੁਗਤਿ ਕੀਨੋ ਬਿਸਥਾਰ॥
ਕਈ ਬਾਰ ਪਸਰਿਓ ਪਾਸਾਰ॥
ਸਦਾ ਸਦਾ ਇਕੁ ਏਕੰਕਾਰ ॥
ਕਈ ਕੋਟਿ ਕੀਨੇ ਬਹੁ ਭਾਤਿ॥
ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥
ਤਾ ਕਾ ਅੰਤੁ ਨ ਜਾਨੈ ਕੋਇ॥
ਆਪੇ ਆਪਿ ਨਾਨਕ ਪ੍ਰਭੁ ਸੋਇ॥੭॥

ਉਪਰਲੇ ਗੁਰਪ੍ਰਮਾਣਾ ਤੋਂ ਗੁਰਮਤਿ ਦੇ ਦੋ ਸਿਧਾਂਤ ਅਸੂਲ ਸਪੱਸ਼ਟ ਸਿਧ ਹੁੰਦੇ ਹਨ। ਇਕ ਤਾਂ ਇਹ ਕਿ ਜਿਤਨੇ ਭੀ ਕ੍ਰਿਸ਼ਨ, ਬਿਸ਼ਨ, ਰਾਮ, ਰਹੀਮ, ਇੰਦਰ, ਉਪਿੰਦਰ, ਸਿਧ, ਬੁਧ, ਨਾਥ ਆਦਿਕ ਅਖਉਤੀ ਅਵਤਾਰ ਹੋਏ ਹਨ, ਇਹ ਸਭ ਅਕਾਲ ਪੁਰਖ ਦੇ ਕੀਤੇ ਹੋਏ ਕਿਰਤਮ ਵਜੂਦ ਹਨ। ਇਹਨਾਂ ਨੂੰ ਅਸੀਂ (ਗੁਰਸਿਖਾ ਨੇ) ਅਕਾਲ ਪੁਰਖ ਕਰਕੇ ਨਹੀਂ ਮੰਨਣਾ।

*"ਬਿਨ ਕਰਤਾਰ ਨ ਕਿਰਤਮ ਮਾਨੋ॥ ਆਦਿ ਅਜੋਨਿ ਅਜੈ ਅਬਿਨਾਸੀ, ਤਿਹ ਪਰਮੇਸਰ ਜਾਨੋ"* ਵਾਲਾ ਹੁਕਮ ਹੀ ਮੰਨਣਾ ਹੈ, ਦੂਜੇ ਇਹ ਕਿ ਅਕਾਲ ਪੁਰਖ ਨੂੰ ਅਸੀਂ ਅਵਤਾਰਾਂ ਦੇ ਵਜੂਦ (ਸਰੂਪ) ਵਾਲਾ ਮਾਣਸ ਰੂਪ ਕਰਕੇ ਕਦਾਚਿਤ ਨਹੀਂ ਮੰਨਣਾ-

ਸੋ ਕਿਮ ਮਾਨਸ ਰੂਪ ਕਹਾਏ॥
ਸਿਧ ਸਮਾਧ ਸਾਧ ਕਰ ਹਾਰੇ,
ਕਯੋਹੂੰ ਨ ਦੇਖਨ ਪਾਏ॥ (ਸ਼ਬਦ ਹਜ਼ਾਰੇ ਪਾ: ੧੦)

ਏਹਨਾਂ ਦੋਹਾਂ ਗੁਰਮਤਿ ਸਿਧਾਤਾਂ ਤੋਂ ਭਿੰਨ, ਪ੍ਰੰਤੂ ਇਹਨਾਂ ਦੇ ਨਾਲ ਲਗਵਾਂ ਹੀ ਤੀਜਾ ਹੋਰ ਗੁਰਮਤਿ ਸਿਧਾਂਤ (ਇਨ੍ਹਾਂ ਉਪਰਲੇ ਗੁਰਵਾਕਾਂ ਤੋਂ ਭਿੰਨ) ਹੋਰ ਗੁਰ ਵਾਕਾਂ ਅਥਵਾ ਸ੍ਰੀ ਮੁਖਵਾਕਾਂ ਦੇ ਪ੍ਰਮਾਣ ਸਪੱਸ਼ਟ ਕਰਾਉਂਦੇ ਹਨ। ਉਹ ਇਹ ਕਿ ਏਹਨਾਂ ਅਵਤਾਰਾਂ ਨੂੰ ਸ੍ਰੀ ਅਕਾਲ ਪੁਰਖ ਜੀ ਨੇ ਆਪ ਆਪਣੀ ਬਲ-ਕਲਾ ਬਖਸ਼ ਕੇ ਪਠਾਇਆ,


www.AKJ.Org

ਸੰਸਾਰ ਦੇ ਕਿਸੀ ਉਪਕਾਰ ਦੇ ਨਮਿਤ ਪਠਾਇਆ, ਪਰ ਉਹ ਉਕਤ ਅਵਤਾਰ ਆ ਕੇ ਆਪਣੀ ਭੁਜ ਬਲ ਕਰ ਬਵਰੇ ਹੋ ਗਏ। ਉਹਨਾਂ ਨੇ ਕਰਤਾਰ-ਬਖ਼ਸ਼ੀ ਅਕਲ ਕਲਾ ਨੂੰ ਆਪਣੀ ਅਹੰਮਤਿ ਕਰ, ਨਿਜ ਸ੍ਵੈਤੰਤਰ ਸ਼ਕਤੀ ਹੀ ਜਾਣ ਲਿਆ।

ਜੋ ਜੋ ਗਉਸ ਅੰਬੀਆ ਭਏ।।
ਮੈ ਮੈ ਕਰਤ ਜਗਤ ਤੇ ਗਏ।।

ਲੋਕਾਂ ਨੇ ਭੀ ਇਹਨਾਂ ਦੇ ਸ਼ਕਤਿ-ਚਮਤਕਾਰ ਤੇ ਅਚੰਭਤ ਹੋ ਕੇ ਏਹਨਾਂ ਨੂੰ ਅਗਿਆਨ ਕਰਕੇ ਸਰਬ-ਕਲਾ ਸ਼ਕਤੀਵਰ ਮੰਨ ਲਿਆ-

ਕਹਾ ਭਯੋ ਜੋ ਆਨ ਜਗਤ ਮੈ
ਦਸਕ ਅਸੁਰ ਹਰਿ ਘਾਏ।।
ਅਧਿਕ ਪ੍ਰਪੰਚ ਦਿਖਾਇ ਸਭਨ ਕਹ,
ਆਪਹਿ ਬ੍ਰਹਮ ਕਹਾਏ।। (ਸ਼ਬਦ ਹਜ਼ਾਰੇ ਪਾ: ੧੦)

ਸ੍ਰੀ ਦਸਮੇਸ਼ ਮੁਖਵਾਕ ਹੈ ਕਿ ਏਹਨਾਂ ਹਰਿ (ਵਿਸ਼ਨੂੰ) ਦੇ ਸਰਗੁਣ ਰੂਪ ਅਵਤਾਰਾਂ ਅੰਦਰ ਦਸ ਕੁ ਅਸੁਰ ਘਾਵਣ ਦੀ ਸ਼ਕਤ-ਕਲਾ ਵਰਤ ਵਿਆਪ ਗਈ ਤਾਂ ਕੀ ਹੋ ਗਿਆ। ਉਹ ਸਰਬ-ਕਲਾ ਸਮਰਥ ਅਕਾਲ ਪੁਰਖ ਪਾਬ੍ਰਹਮ ਪ੍ਰਮੇਸ਼ਰ ਤਾ ਨਹੀਂ ਬਣ ਗਏ। ਜਦ ਤਾਂਈ ਉਨ੍ਹਾਂ ਅੰਦਰ ਕਲਾ ਵਰਤੀ ਤਾਂ ਅਕਾਲ ਪੁਰਖ ਵਲੋਂ ਵਰਤੀ, ਜਾਂ ਐਉਂ ਕਹੋ ਕਿ ਅਕਾਲ ਪੁਰਖ ਦੀ ਵਰਤਾਈ ਵਰਤੀ। ਕਲਾ ਤਾਂ ਅਕਾਲ ਪੁਰਖ ਦੀ ਹੀ ਸੀ। ਪਰ ਓਹ ਸਮਝ ਬੈਠੇ ਆਪਣੀ ਨਿਜ ਕਲਾ। ਉਹਨਾਂ ਅੰਦਰ ਦਸ ਕੁ ਅਸੁਰ (ਰਾਕਸ਼) ਘਾਉਣ ਦੀ ਸਮਰਥਾ ਆਪੋ ਆਪਣੇ ਸ੍ਵੈਤੰਤਰ ਰੂਪ ਵਿਚ ਕੁਛ ਭੀ ਨਹੀਂ ਹੋਈ, ਇਹ ਸਭ ਸਰਬ ਕਲਾ ਸਮਰਥ ਅਕਾਲ ਪੁਰਖ ਦੀ ਹੀ ਬਖ਼ਸ਼ੀ ਹੋਈ ਸਮਰੱਥਾ ਸੀ। ਜਦ ਤਾਈਂ ਉਹ ਇਸ ਕਲਾ-ਸਮਰਥਾ ਨੂੰ ਅਕਾਲ ਪੁਰਖ ਦੀ ਬਖ਼ਸ਼ਸ਼ ਜਾਣ ਕੇ ਉਸ ਦੇ ਹੁਕਮ ਅੰਦਰ ਵਰਤਦੇ ਰਹੇ, ਅਤੇ ਜਦ ਤਾਈਂ ਆਪਣੇ ਆਪ ਨੂੰ ਅਕਾਲ ਪੁਰਖ ਦੇ ਹੁਕਮ ਪ੍ਰਾਇਣ ਰਹਿੰਦੇ ਹੋਏ, ਤੇ ਉਸ ਕਲਾ ਸ਼ਕਤੀਸ਼ਰ ਦੀਆਂ ਕਾਠ-ਪੁਤਲੀਆਂ ਸਮਝਦੇ ਰਹੇ ਤਦ ਤੀਕਰ ਇਹ ਕਲਾ ਸਵਾਏ ਰੰਗਾਂ, ਉਪਕਾਰ ਉਮਗਾਏ ਰੰਗਾਂ ਵਿਚ ਵਰਤਦੀ ਰਹੀ। ਪ੍ਰੰਤੂ ਜਦੋਂ ਉਹ ਆਪਣੇ ਆਪ ਹੀ ਸਰਬ ਸ਼ਕਤੀਮਾਨ ਬਣ ਬੈਠੇ ਤਾਂ ਉਸ ਕਲਾ-ਪਰਦਾਤੀ-ਸਰਬ-ਸ਼ਕਤੀਸ਼ਰ ਅਕਾਲ ਪੁਰਖ ਨੇ ਉਹ ਕਲਾ ਐਉਂ ਉਹਨਾਂ ਤੋਂ ਖਿਚ ਲਈ, ਜਿਵੇਂ ਰਾਮ ਰਾਏ ਦੇ ਹੰਕਾਰੀ ਅਤੇ ਗੁਰ-ਹੁਕਮਾਂ ਤੋਂ ਇਨਕਾਰੀ ਹੋ ਜਾਣ ਪੁਰ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਉਸ ਤੋਂ ਆਪਣੀ ਨਿਜ ਬਖ਼ਸ਼ੀ ਕਲਾ ਖਿਚ ਲਈ ਸੀ, ਪਰੰਤੂ ਜਦੋਂ ਤਾਈਂ ਇਹ ਕਲਾ ਰਾਮ ਰਾਏ ਅੰਦਰ ਵਰਤੀ ਅਤੇ ਹੁਕਮ ਅੰਦਰ ਵਰਤੀ ਤਦ ਤਾਈਂ ਇਹ ਆਪਣੇ ਪੂਰੇ ਜੋਬਨਾਂ ਵਿਚ ਹੀ ਵਰਤੀ। ਕਿਉਂਕਿ ਓਦੋਂ ਤੀਕ ਇਹ ਕਲਾਧਾਰੀ ਵਾਹਿਗੁਰੂ ਦੀ ਆਪਣੀ ਨਿਜ ਕਲਾ ਹੀ ਸੀ, ਏਸੇ ਪ੍ਰਕਾਰ ਜਦੋਂ ਤਾਈਂ ਰਾਮ, ਕ੍ਰਿਸ਼ਨ, ਨਰਸਿੰਘ ਆਦਿਕ ਅਵਤਾਰਾਂ ਅੰਦਰ ਅਕਾਲ ਪੁਰਖ ਵਰਤਾਈ ਅਤੇ ਬਰਕਤਾਈ ਕਲਾ ਵਰਤੀ ਤਦੋਂ ਤਾਈਂ ਇਹ ਕਲਾ ਪੂਰੇ ਜੋਬਨਾਂ ਵਾਲੀ ਆਕ੍ਰਖਣ ਸ਼ਕਤਿ ਕਲਾ ਸੀ। ਇਸ ਆਕ੍ਰਖਣ ਅਕਲ ਕਲਾ ਦੇ ਅੰਦਰ ਹੋਣ ਕਰਿ *"ਤੈਥੋਂ ਹੀ ਬਲ ਰਾਮ ਲੈ"* ਗੁਰਵਾਕ ਦੇ ਭਾਵ ਅਨੁਸਾਰ ਸ੍ਰੀ ਰਾਮਚੰਦਰ ਜੀ ਨੇ ਸ਼ਕਤੀਮਾਨ ਬਣ ਕੇ 'ਨਾਲਿ ਬਾਣਾ ਦਹਿਸਿਰ ਘਾਇਆ' ਅਰਥਾਤ ਰਾਵਣ ਜੈਸੇ ਮਹਾਂ ਬਲੀ ਨੂੰ ਸੰਘਾਰ ਸਿਟਿਆ ਅਤੇ ਏਸੇ ਹੀ ਅਕਾਲ ਪੁਰਖ-ਪਰਦਾਰਨੀ ਸ਼ਕਤ-ਕਲਾ ਦੇ ਕਾਰਨ *'ਤੈਥੋਂ ਹੀ ਬਲ ਕ੍ਰਿਸ਼ਨ ਲੈ"* ਦੇ ਸ੍ਰੀ ਦਸਮੇਸ਼ ਮੁਖਵਾਕ ਭਾਵ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਨੇ ਬਲਵਾਨ ਬਣ ਕੇ *"ਕੰਸਕੇ ਸੀ ਪਕੜਿ ਗਿਰਾਇਆ।"* ਅਰਥਾਤ ਕੰਸ ਜਿਹੇ ਅਜਿਤ ਜੋਧੇ ਨੂੰ ਫੜ ਕੇ ਪਟਾੜ ਮਾਰਿਆ ਅਤੇ ਅਕਾਲ ਪੁਰਖ ਦੀ ਨਿਵਾਜੀ ਏਸੇ ਮਹਾਂ ਕਾਲ ਕਾਲਕਾ ਰੂਪ ਕਲਾ-ਸ਼ਕਤੀ ਦੇਬਲ ਚੰਡਕਾ (ਦੁਰਗਾ) ਨੇ ਬੜੇ ਬੜੇ ਕਵੀ-ਹੈਕਲ ਦਾਨਵ ਦੈਂਤਾਂ ਦਾ ਨਾਸ ਕੀਤਾ। ਸੱਚ ਮੁਚ ਜਦ ਤਾਈਂ ਇਹ ਮਹਾਂਕਾਲ ਅਕਲ ਕਲਾ, ਅਕਾਲ ਪੁਰਖ ਦੀ ਤਿਨ੍ਹਾਂ ਦੁਸ਼ਟ ਦਮਨ ਅਵਤਾਰਾਂ ਅੰਦਰ ਵਰਤਦੀ ਰਹੀ ਤਦ ਤਾਈਂ ਇਹ ਕਲਾ ਪੂਰਨ ਆਕ੍ਰਖਣ ਕਲਾ ਭਰ ਜੋਬਨੀ ਜ਼ਾਹਰ ਕਲਾ, ਜ਼ਾਹਰ ਜ਼ਹੂਰ ਨੂਰ ਅਫ਼ਜ਼ੂਰ ਕਲਾ ਹੀ ਸੀ। ਦੁਰਗਾ ਦੇ ਜੋਬਨ ਜੁਆਲ ਅਤੇ ਬਿਕਰਾਲ ਰੂਪ ਨੂੰ ਦੇਖ ਕੇ ਹੀ ਮਹਖੇ ਦੈਂਤ ਆਦਿ ਸਾਰੇ ਦੰਗ ਰਹਿ ਗਏ ਅਤੇ ਦਮਨ ਹੋ ਗਏ। ਨਰਸਿੰਘ ਦੇ ਭਿਆਨ ਅਤੇ ਤੇਜ-ਪ੍ਰਚੰਡ ਸਰੂਪ ਦੇ ਚਮਤਕਾਰੇ ਮਾਤਰ ਨਾਲ ਹੀ ਸੱਨਾਟਾ ਛਾ ਗਿਆ ਅਤੇ ਇਕ ਨੌਂਧਰ ਨਾਲ ਹੀ ਹਰਨਾਖਸ਼ ਦੁਸ਼ਟ ਖੈ ਹੋ ਗਿਆ। ਅਕਾਲ-ਬਲ-ਪਰਵੇਸ਼ਣੀ ਅਕਲ-ਕਲਾ ਵਰੋਸਾਏ ਸ੍ਰੀ ਰਾਮ ਚੰਦਰ ਜੀ ਦੇ ਕਲਾ-ਕ੍ਰਿਸ਼ਮੀ ਬਾਣਾਂ ਨਾਲ ਕਦੇ ਕਿਸੇ ਮਹਾਂ ਜੋਧੇ ਤੋਂ ਨਾ ਘਾਇਆ ਜਾਣ ਵਾਲਾ ਰਾਵਣ ਘਾਇਆ ਗਿਆ। ਸੰਸਾਰ ਭਰ ਦੇ ਮਹਾਂ ਜੋਧਿਆਂ ਤੋਂ ਕਦੇ ਨਾ ਹਾਰਨ ਵਾਲਾ ਕੰਸ ਸ੍ਰੀ ਕ੍ਰਿਸ਼ਨ ਦੀ ਕਲਾ-ਕ੍ਰਿਸ਼ਮੀ ਛੋਹ ਨਾਲ ਹੀ ਛੈ ਹੋ ਗਿਆ। ਹਾਂ ਜੀ ਕਲਾ-ਕ੍ਰਿਸ਼ਮੀ ਛੋਹ ! ਅਕਾਲ ਪੁਰਖ ਦੀ ਬਰਕਤ ਦੁਆਰਾ ਕ੍ਰਿਸ਼ਮਣ ਹੋਈ ਆਕ੍ਰਖਣ ਹੋਈ ਕਲਾ ਕ੍ਰਿਸ਼ਮੀ ਕਲਾ। ਇਹ ਉਸ ਸਮੇਂ ਸ੍ਰੀ ਕ੍ਰਿਸ਼ਨ ਜੀ ਦੇ ਵਜੂਦ ਅੰਦਰ ਆਪਣੇ ਆਪ ਪੂਰੇ ਜੋਬਨਾਂ ਵਿਚ, ਸੀ। ਇਸ ਦੀ ਇਕੋ ਛੋਹ ਨਾਲ ਹੀ ਬੇੜੇ ਪਾਰ ਹੋ ਜਾਂਦੇ ਸਨ।



www.AKJ.Org

(੨)

ਭਾਵੇਂ ਰਾਮ ਕ੍ਰਿਸ਼ਨ ਆਦਿਕ ਅਵਤਾਰਾਂ ਦੀ ਇਸ ਕਲਾ-ਕ੍ਰਿਸ਼ਮੀ ਛੋਹ ਦੁਆਰਾ ਹੀ ਖ਼ਾਸ ਖ਼ਾਸ ਗਿਣਤੀ ਮਿਣਤੀ ਦੇ ਜੀਵਾਂ, ਆਕ੍ਰਖਣੇ ਗਏ ਅਹਿਲਿਆ, ਕੁਬਜਾ ਤੇ ਗੋਪੀਆਂ ਆਦਿਕ ਜੀਵਾਂ ਦਾ ਉਧਾਰ ਹੋਣਾ ਮਖਸੂਸ ਹੋ ਸੀ, ਪਰੰਤੂ ਜਗਤ ਜਲੰਦੇ ਸਮਗਰ ਅਧਿਕਾਰੀ ਜੀਵਾਂ ਦਾ ਤਤ-ਉਧਾਰ ਕੇਵਲ ਗੁਰੂ ਅਵਤਾਰ ਦੁਆਰਾ। ਸਤਿਨਾਮ ਦੇ ਜੀਅ-ਦਾਨ ਜੋਤਿ-ਜੁਗਤਣੀ ਪਾਰਸ-ਕਲਾ ਪਰਵੇਸ਼ ਦੇ ਆਧਾਰ ਉਤੇ ਹੀ ਮਬਨੀ ਅਤੇ ਮਹਸੂਸ ਹੈ।

ਲੇਖ ਦੀ ਲੜੀ ਜੋੜੀ ਰੱਖਣ ਲਈ ਇਥੇ ਜੋ ਗਲ ਦਰਕਾਰ ਹੈ, ਉਹ ਹੈ ਅਵਤਾਰਾਂ ਅੰਦਰ ਆਤਮ-ਜੋਤਿ-ਕਲਾ ਬਲ ਤੇਜ ਪਰਤਾਪ-ਕਲਾ ਜੋ ਸੀ, ਅਤੇ ਜਿਤਨਾ ਚਿਰ ਉਨ੍ਹਾਂ ਦੇ ਅੰਦਰ ਰਹੀ ਉਹ ਅਕਾਲ ਪੁਰਖ ਦੀ ਕਲਾ, ਜਾਂ ਐਉਂ ਕਹੋ ਕਿ ਅਕਾਲ ਪੁਰਖ ਦੀ ਨਿਜਵਰਤਾਈ ਕਲਾ ਸੀ। ਅਕਾਲ ਪੁਰਖ ਵਲੋਂ ਹੀ ਕਲਾ-ਕ੍ਰਿਸ਼ਮੀ ਪ੍ਰਭਾਵਾਂ ਦੇ ਵਰਤਣ ਕਾਰਨ ਦੁਸ਼ਟਾਂ ਦਾ ਖੈ ਅਤੇ ਭਗਤਾਂ ਦੀ ਜੈ ਬਿਜੈ ਹੋਣ ਨੂੰ ਸਿਧੇ ਤੌਰ ਪਰ (directly) ਅਕਾਲ ਪੁਰਖ ਦੀ ਜ਼ਾਤ ਨਾਲ ਹੀ ਮਨਸੂਬ ਕੀਤਾ ਜਾਂਦਾ ਹੈ। ਜੈਸਾ ਕਿ-

ਹਰਿ ਜੁਗੁ ਜੁਗੁ ਭਗਤ ਉਪਾਇਆ,
ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ,
ਪ੍ਰਹਲਾਦੁ ਤਰਾਇਆ ॥

ਆਦਿਕ ਗੁਰ-ਪ੍ਰਮਾਣਾਂ ਦੀ ਪੁਸਟੀ ਤੋਂ ਸਿੱਧ ਹੈ ਕਿ ਅਕਾਲ ਪੁਰਖ ਦੀ ਪਰਤੱਖ ਕਲਾ ਵਰਤਣ ਕਰ , ਸਭ ਕਲਾ-ਕ੍ਰਿਸ਼ਮੀ-ਕਉਤਕ ਕਾਰਨਾਮੇ ਅਕਾਲ ਪੁਰਖ ਦੇ ਨਾਮ ਨਾਲ ਹੀ ਮਨਸੂਬ ਕੀਤੇ ਜਾਂਦੇ ਹਨ, ਜੈਸੇ ਕਿ *"ਤੈਂ ਹੀ ਦੁਰਗਾ ਸਾਜਿ ਕੈ , ਦੈਂਤਾਂ ਦਾ ਨਾਸ ਕਰਾਇਆ "* ਆਦਿਕ ਸ੍ਰੀ ਮੁਖਵਾਕਾਂ ਦਾ ਭਾਵ ਪ੍ਰਸਿਧ ਹੈ, ਜੁਗਾਂ ਜੁਗਾਂਤਰ ਆਦਿ ਜੁਗਾਦਿ ਦਾ ਅਕਾਲ ਪੁਰਖ ਦੀ ਕ੍ਰਿਸਮ ਕਲਾ ਦਾ ਜ਼ਾਹਰ ਜ਼ਹੂਰ ਵਰਤਾਰਾ ਹੀ ਸਨਮਾਨਿਆ ਪਰਮਾਨਿਆ ਜਾਂਦਾ ਰਿਹਾ ਹੈ। ਕਰਨ ਕਾਰਨ ਸਮਰੱਥ ਸਰਬ ਕਲਾ ਭਰਪੂਰ ਆਦਿ ਪੁਰਖ ਕਰਤਾਰ ਨਾਲ ਹੀ ਮਨਸੂਬ ਕੀਤੇ ਜਾਂਦੇ ਰਹੇ ਹਨ। ਏਸੇ ਕਲਾ-ਸੰਪੂਰਨ, ਸੋਲ੍ਹਾਂ ਕਲਾਂ ਸੰਪੂਰਨ ਹੋਣ ,ਕਰਕੇ ਹੀ, ਏਸੇ ਅਕਲ ਕਲਾ ਨੂੰ ਮਨਸੂਬ ਕਰਕੇ ਹੀ ਇਸ ਪ੍ਰਕਾਰ ਦੇ ਗੁਰਵਾਕਾਂ ਦੇ ਪ੍ਰਮਾਣ ਗੁਰਬਾਣੀ ਅੰਦਰ ਮਿਲਦੇ ਹਨ:-

ਤੂ ਸਤਿਗੁਰੁ ਚਹੁ ਜੁਗੀ,
ਆਪਿ ਆਪੇ ਪਰਮੇਸਰੁ ॥
ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥
ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ ॥
ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ....॥

(ਸਵਈਏ ਮਹਲੇ ਚਉਥੇ ਕੇ, ਪੰਨਾ੧੪੦੬

ਏਸੇ "ਆਦਿ ਜੁਗਾਦਿ ਅਨਾਦਿ ਕਲਾ " ਨੂੰ ਮਨਸੂਬ ਕਰ ਕੇ ਹੀ *"ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ"* ਵਾਲੇ ਗੁਰਬਚਨ ਸ੍ਰੀ ਮੁਖਵਾਕ ਮਹਲਾ ੫ ਦੁਆਰਾ ਉਚਾਰਨ ਹੋਏ ਹਨ, ਏਸੇ ਆਦਿ ਜੁਗਾਦਿ ਕਲਾ ਨਾਲ ਮਨਸੂਬ ਹੋਣ ਕਰਕੇ ਹੀ ਸ੍ਰੀ ਮੁਖਵਾਕ ਮਹਲਾ ਪੰਚਮੇ ਦੁਆਰਾ ਅਗਲੇਰੇ ਬਚਨ ਉਚਾਰਨ ਹੋਏ ਹਨ-

ਨਿਰੰਕਾਰ ਆਕਾਰ ਅਛਲ ਪੂਰਨ ਅਬਿਨਾਸੀ ॥
ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ॥
ਗੁਣ ਗਾਵਹਿ ਬੇਅੰਤ,
ਅੰਤੁ ਇਕੁ ਤਿਲੁ ਨਹੀ ਪਾਸੀ॥
ਜਾ ਕਉ ਹੋਹਿ ਕ੍ਰਿਪਾਲ,
ਸੁ ਜਨ ਪ੍ਰਭ ਤੁਮਹਿ ਮਿਲਾਸੀ॥
ਧੰਨਿ ਧੰਨਿ ਤੇ ਧੰਨਿ ਜਨ,
ਜਿਹ ਕ੍ਰਿਪਾਲੁ ਹਰਿ ਹਰਿ ਭਯਉ॥
ਹਰਿ ਗੁਰੁ ਨਾਨਕੁ ਜਿਨ ਪਰਸਿਅਉ,
ਸਿ ਜਨਮ ਮਰਣ ਦੁਹ ਥੇ ਰਹਿਓ॥੫॥

(ਸਵੱਯੇ ਸ੍ਰੀ ਮੁਖਵਾਕ ਮ: ੫, ਪੰਨਾ ੧੩੮੬)

ਤਥਾ- ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ॥
ਦੂਸਰ ਆਨ ਨਾ ਅਵਰੁ ਪੁਰਖੁ ਪਉਰਾਤਨ ਸੁਣੀਐ॥
ਅੰਮ੍ਰਿਤੁ ਹਰਿ ਕੋ ਨਾਮੁ ਲੈਤ, ਮਨਿ ਸਭ ਸੁਖ ਪਾਏ॥
ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ॥
ਜਿਹ ਠਾਕੁਰੁ ਸੁਪ੍ਰਸੰਨੁ ਭਯੋ,
ਸਤ ਸੰਗਤਿ ਤਿਹ ਪਿਆਰੁ॥
ਹਰਿ ਗੁਰੁ ਨਾਨਕੁ ਜਿਨ ਪਰਸਿਓ
ਤਿਨ ਸਭ ਕੁਲ ਕੀਓ ਉਧਾਰੁ॥੬॥ (ਪੰਨਾ ੧੩੮੬)

ਪੁਨਾ-ਇਸ ਤੋਂ ਅਗਲੇਰੇ ਗੁਰਵਾਕ ਭੀ ਏਸੇ ਆਦਿ ਜੁਗਾਦਿ ਅਨਾਦਿ ਕਲਾ ਨੂੰ ਮਨਸੂਬ ਕਰ ਕੇ ਉਚਾਰਨ ਹੋਏ ਹਨ। ਗੁਰੂ ਅਕਾਲ ਪੁਰਖ ਅੰਦਰ ਅਤੇ ਗੁਰੂ ਜਾਮਿਆਂ ਅੰਦਰ ਵਰਤਮਾਨ, ਓਤਿ ਪੋਤਿ ਵਰਤਮਾਨ ਇਸ ਆਦਿ ਜੁਗਾਦਿ ਅਨਾਦਿ ਕਲਾ ਨੂੰ ਮਨਸੂਬ ਕਰਕੇ ਹੀ ਇਹ ਗੁਰਵਾਕ ਉਚਾਰਨ ਹੋਇਆ ਹੈ। ਤਥਾ:-

ਸਤਜੁਗਿ ਤੈ ਮਾਣਿਓ,
ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ



www.AKJ.Org

ਗੁਰ ਅੰਗਦੁ ਅਮਰੁ ਕਹਾਇਓ।।
ਸ੍ਰੀ ਗੁਰੂ ਰਾਜ ਅਬਿਚਲੁ
ਅਟਲੁ ਆਦਿ ਪੁਰਖਿ ਫੁਰਮਾਇਓ।।੭।।

(ਸਵੱਈਏ ਮਹਲੇ ਪਹਿਲੇ ਕੇ, ਪੰਨਾ ੧੩੯੦)

(੩)

ਕਵਲ ਨੈਨ ਮਧੁਰ ਬੈਨ, ਕੋਟਿ ਸੈਨ ਸੰਗ ਸੋਭ,
ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ।।
ਦੇਖਿ ਰੂਪੁ ਅਤਿ ਅਨੂਪੁ, ਮੋਹ ਮਹਾ ਮਗ ਭਈ,
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ।।
ਕਾਲ ਕਲਮ ਹੁਕਮੁ ਹਾਥਿ ਕਹੁ ਕਉਨੁ ਮੇਟਿ ਸਕੈ,
ਈਸੁ ਬ੍ਯ੍ਰਾਨੁ ਧ੍ਯ੍ਰਾਨੁ ਧਰਤ ਹੀਐ ਚਾਹਿ ਜੀਉ।।
ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ।।੧।।੬।।

(ਸਵੱਯੀਏ ਮਹਲੇ ਚਉਥੇ ਕੇ, ਪੰਨਾ ੧੪੦੨)

ਪਿਛਲੀ ਤੁਕ ਇਸ ਸਵੱਈਏ ਦੀ ਵਿਆਖਿਆ ਦੀ ਅਸਥਾਈ ਰੂਪ ਕੁੰਜੀ ਹੈ।

*"ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।।"* ਦੇ ਮੁਖ ਮੂਲ ਸਰੂਪ-ਲਖਸ਼ਣੀ ਵਿਸ਼ੇਸ਼ਣ ਵਾਸਤੇ ਅਕਾਲ ਪੁਰਖ ਦੇ ਸਨਮੁਖ ਉਸਤਤੀ ਇਸ ਗੁਰਵਾਕ ਦੀ ਅੰਤਲੀ ਤੁਕ ਅੰਦਰ ਇਸ ਬਿਧ ਉਚਾਰੀ ਗਈ ਹੈ ਕਿ ਹੇ ਤਤ ਸਤ ਸਰੂਪ ਵਾਲੇ ਸਤਿ ਪੁਰਖ ਤੇ ਆਦਿ ਸਚੁ, ਹੈ ਭੀ ਸਚੁ ਤੇ ਹੋਸੀ ਭੀ ਸਚੁ, ਸਰੂਪ ਵਾਲੇ ਤੇ ਸਿਰੀ ਸ਼ਕਤੀ ਦਾ ਘਰ, ਅਰਥਾਤ ਸਰਬ ਸ਼ਕਤੀਮਾਨ, ਸਰਬ-ਕਲਾ ਸਮਰਥ, ਆਦਿ ਪੁਰਖ ਪੁਰਖੋਤਮ (ਸਦਾ ਤੀਨ ਕਾਲ ਭੂਤ ਭਵਿਖ ਭਵਾਨ ਅੰਦਰ) ਤੂੰ ਹੀ ਵਾਹਿਗੁਰੂ ਹੈਂ। ਅਰਥਾਤ ਤ੍ਰੈਕਾਲ ਅੰਦਰ ਸਤਿ ਸ਼ਾਚ ਸਚੇ ਨਾਮ (ਸਤਿਨਾਮ) ਵਾਲੇ ਵਾਹਿਗੁਰੂ, ਭਾਵ ਵਾਹਿਗੁਰੂ ਸੁਅਖਰਾਂ ਵਾਚਕ ਸਤਿਨਾਮ (ਸਚੇ ਨਾਮ) ਵਾਲੇ ਅਕਾਲ ਪੁਰਖ ਸਦਾ ਤੂੰ ਹੀ ਹੈਂ, ਸਦਾ ਤੂੰ ਹੀ ਹੈਂ, ਸਦਾ ਤੂੰ ਹੀ ਹੈਂ, ਤੇ ਭੂਤ ਕਾਲ ਵਿਖੇ ਭੀ ਤੇਰਾ ਨਾਮ ਸਚਾ ਨਾਮ ਵਾਹਿਗੁਰੂ ਹੈ, ਭਵਾਨ (ਵਰਤਮਾਨ) ਕਾਲ ਅੰਦਰ ਭੀ ਤੇਰਾ ਨਾਮ ਸਚਾ ਨਾਮ ਵਾਹਿਗੁਰੂ ਅਤੇ ਭਵਿਖਤ ਕਾਲ (ਅਉਣ ਵਾਲੇ ਸਮੇਂ) ਅਨੰਤ ਅਨਾਦਿ ਸਮੇਂ ਅੰਦਰ ਭੀ ਤੇਰਾ ਸਚਾ ਨਾਮ ਵਾਹਿਗੁਰੂ ਵਾਹਿਗੁਰੂ ਹੀ ਹੈ, ਤੀਨ ਕਾਲ ਵਿਖੇ ਇਹੋ ਨਾਮ ਸਚਾ ਸਤ ਹੋਣ ਕਰਕੇ *'ਵਾਹਿਗੁਰੂ'* ਹੀ ਸਤਿਨਾਮ ਹੈ, ਹੇ ਨਾਮੀ ਅਕਾਲ ਪੁਰਖ ! ਤੂੰ ਸਦਾ ਉਸੇ *'ਵਾਹਿਗੁਰੂ'* ਰੂਪੀ ਸਤਿਨਾਮ ਨਾਲ ਹੀ ਸਦਾ ਸ਼ਸ਼ੋਭਤ ਹੈਂ। ਤਿੰਨ ਵਾਰ ਵਾਹਿਗੁਰੂ ਨਾਮ ਰੂਪੀ ਸ਼ਬਦ ਦੇ ਰੂਪ ਵਿਚ ਆਉਣ ਕਰ ਇਹੋ ਦ੍ਰਿੜ੍ਹਤਾ ਪ੍ਰੋੜ੍ਹਤਾ ਕਰਾਉਂਦਾ ਹੈ ਕਿ ਇਹ ਸਤਿਨਾਮ ਤ੍ਰੈਕਾਲ ਅਬਾਧ ਹੈ।

ਚਉਥੀ ਵਾਰ *'ਵਾਹਿ ਜੀਉ'* ਕਹਿਣ ਪਰ ਵਾਹਿਗੁਰੂ ਨਾਮ ਦੀ ਮਹਿਮਾ ਵਾਹਿ ਵਿਸਮਾਦ-ਮਈ ਅਨੰਤਤਾ ਵਿਖੇ ਹੀ ਸਮਾਏ ਗਈ, ਸੋ ਵਾਕ ਦੀ ਪ੍ਰਿਥਮ ਸਤਰ ਤੋਂ ਹੀ ਵਾਹਿਗੁਰੂ ਨਾਮ ਦੀ ਵਿਸਮਤਾ-ਮਈ ਮਹਿਮਾ ਅਰੰਭ ਹੋਈ। ਹੇ ਅਨੰਤ ਬਿਸਮਤਾ ਦੇ ਮਹਿਮਾ ਵਾਲੀ ਤ੍ਰੈਕਾਲ ਅਬਾਧ ਸਤਤਾ ਵਾਲੇ ਵਾਹਿਗੁਰੂ ! ਸਦਾ ਤੂੰ ਹੀ, ਸਦਾ ਤੂੰ ਹੀ ਹੈਂ, ਸਦਾ ਤੂੰ ਹੀ ਹੈਂ। ਅਤੇ ਆਦਿ ਜੁਗਾਦਿ, ਤੇਰੀ ਆਦਿ ਜੁਗਾਦਿ ਅਨਾਦਿ ਕਲਾ ਹੀ ਵਰਤ ਰਹੀ ਹੈ, ਅਤੇ ਤੇਰੀ ਇਸੇ ਅਮਿਤ ਕਲਾ ਕਰ ਹੀ ਕ੍ਰਿਸ਼ਨ ਅਵਤਾਰ ਦੇ ਸਰੀਰ-ਅਕਾਰੀ ਜਾਮੇ ਅੰਦਰ ਜਨਮ ਤੋਂ ਹੀ ਅਤਿ ਸੁੰਦਰ ਸਰੂਪ ਵਾਲਾ ਪ੍ਰਭਾਵ *"ਦਾਤਿ ਜੋਤਿ ਸਭ ਸੁਰਤਿ ਤੇਰੀ"* ਗੁਰਵਾਕ ਦੇ ਭਾਵ ਅਨੁਸਾਰ ਅਤਿ ਤੇਜਵੰਤ ਜੋਤਿ-ਦਰਸ਼ਨਾਂ ਦੀ ਆਭਾ ਮਾਰ ਰਿਹਾ ਸੀ। ਉਸ ਦੇ ਬਾਰਕ ਅਨੂਪ ਸਰੂਪੀ ਕਵਲ-ਨੈਨਾਂ ਅੰਦਰ ਭੀ ਤੇਰੀ ਪ੍ਰਭਾ ਹੀ ਪ੍ਰਤਿਬਿੰਬਤ ਹੋ ਰਹੀ ਸੀ। ਉਸ ਦੇ ਸੁੰਦਰ ਮੀਠ ਮਧਰ ਬੈਨਾਂ ਅੰਦਰ ਭੀ ਤੇਰੀ ਕਲਾ-ਕ੍ਰਿਸ਼ਮੀ ਅਧਿਭੁਤ ਅਦਾ ਨਾਜ਼ਨੀ ਸੋਭਾ ਸੁਹਾ ਰਹੀ ਸੀ। ਤੇਰੀ ਕਲਾ ਪ੍ਰਤਾਪ ਕਰ ਹੀ ਕਿ ਜਿਸ ਬਾਲਕ ਬ੍ਰੇਸ ਕ੍ਰਿਸ਼ਨ ਦੇ ਸੰਗ ਕੋਟ ਸੈਨ ਬਿਸਮ ਰੰਗ ਸੋਭ ਰਹੇ ਸਨ, ਇਹ ਕ੍ਰਿਸ਼ਨ ਔਤਾਰੀ ਬਾਲਕ ਤੇਰੀ ਕ੍ਰਿਸ਼ਮ ਕਲਾ ਕਰ ਹੀ ਇਕ ਅਲੌਕਿਕ ਬਾਲਕ ਸੀ, ਜਿਸ ਨੂੰ ਕਿ ਉਸ ਦੀ ਜਸੋਧਾਂ ਮਾਮੂਲੀ ਬਾਲਕ ਵਾਂਗ ਦਹੀ ਭਾਤ ਖਾਣ ਲਈ ਕਹਿੰਦੀ ਫਿਰਦੀ ਸੀ, ਜਿਸ ਦੇ ਅਤਿ ਅਨੂਪ ਰੂਪ ਨੂੰ ਵੇਖ ਵੇਖ ਉਹ ਮੋਹਿਤ ਅਤੇ ਮਗਨ ਹੋ ਹੋ ਜਾਂਦੀ ਸੀ ਜਦੋਂ ਕਿ ਉਹ ਅਨੁਪਮ ਬਾਲਕ ਤੜਾਗੀ ਤੇੜ ਪਾਈ ਛਣਕਾਉਂਦਾ ਖੇਲਦਾ ਫਿਰਦਾ ਹੁੰਦਾ ਸੀ। ਇਹ ਸਭ ਅਕਾਲ ਪੁਰਖ ਵਾਹਿਗੁਰੂ ਤੇਰੀ ਕ੍ਰਿਸ਼ਮ-ਕਲਾ ਦਾ ਨੂਰ ਜ਼ਹੂਰ ਹੈ ਸੀ। ਅਤੇ ਕ੍ਰਿਸ਼ਨ ਜਾਮੇ ਅੰਦਰ ਵਰਤ ਰਹੀ ਤੇਰੀ ਇਸ ਨੂਰ-ਜ਼ਹੂਰੀ ਕਲਾ ਦੀ ਹੀ ਇਹ ਸਾਰੀ ਮਹਿਮਾ ਹੈ। ਕ੍ਰਿਸ਼ਨ ਦੇ ਪੰਜ-ਭੂਤਕੀ ਸਰੀਰ-ਆਕਾਰ ਦੀ ਕੋਈ ਵਡਿਆਈ ਨਹੀਂ। ਇਹ ਤਾਂ ਚਾਰ ਦਿਨ ਦਾ ਚਮਤਕਾਰ ਸੀ, ਖੇਲ ਚੋਜ ਚਮਤਕਾਰ ਸੰਪੂਰਨ ਕਰਾਇ ਜਦੋਂ ਇਹ ਜੋਤਿ ਤੇਜ-ਕਲਾ, ਹੇ ਅਕਾਲ ਪੁਰਖ, ਤੈਂ ਖਿਚ ਲਈ ਤਾਂ ਉਸ ਨਟ-ਪੁਤਲੇ ਦਾ ਬਿਨਾਸ ਕਾਲ ਭਇਆ। ਐਸੇ ਕ੍ਰਿਸ਼ਨ ਸਾਰਖੇ ਅਵਤਾਰ ਭੀ ਸਭ ਕਾਲ ਚੱਕਰ ਅੰਦਰ ਹਨ। ਹੇ ਅਕਾਲ ਪੁਰਖ, ਇਕ ਤੂੰ ਹੀ ਕਾਲ ਰਹਿਤ ਹੈਂ। ਅਤੇ ਇਹ ਕਾਲ ਰੂਪੀ ਕਲਮ ਅਤੇ ਹੁਕਮ *'ਹੁਕਮੀ ਵਹੇ ਕਲਾਮ'* ਗੁਰਵਾਕ ਦੇ ਭਾਵ ਅਨੁਸਾਰ, ਹੇ ਹੁਕਮੀ ਅਕਾਲ ਪੁਰਖ, ਤੇਰੇ ਹੀ ਹੱਥ ਹੈ। ਇਸ ਨੂੰ ਕਹੋ ਕਉਣ ਮੇਟ ਸਕਦਾ ਹੈ, ਅਰਥਾਤ ਕੋਈ ਨਹੀਂ ਮੇਟ ਸਕਦਾ। ਜਿਸ ਕਾਲ-ਰਹਿਤ ਅਕਾਲ ਪੁਰਖ ਦੇ ਗਿਆਨ ਧਿਆਨ ਦੀ



www.AKJ.Org

ਬ੍ਰਹਮਾ ਅਤੇ ਸ਼ਿਵ ਮਹੇਸ਼ ਜੈਸੇ ਆਪਣੇ ਹੀਏ (ਹਿਰਦੇ) ਅੰਦਰ ਚਾਹਨਾ ਰਖਦੇ ਹਨ, ਉਹ ਤ੍ਰੈਕਾਲ ਅਬਾਧ, ਸਦਾ ਸਤਿ, ਆਦਿ ਜੁਗਾਦਿ ਸਤਿ ਰਹਿਣ ਵਾਲਾ *ਹੈ ਭੀ ਹੋਸੀ* ਸਰੂਪ ਤੇ ਸ੍ਰੀ ਨਿਵਾਸ (ਜਿਸ ਦੇ ਅੰਦਰ ਪੂਰਨ ਸ਼ਕਤੀ ਦਾ ਨਿਵਾਸ ਹੋਵੇ) ਆਦਿ ਪੁਰਖ, ਅਕਾਲ ਪੁਰਖ ਜੀ ਸਦਾ ਤੂੰ ਹੀ ਹੈਂ, ਜਿਸ ਨੂੰ ਕਿ ਸਤਿਨਾਮ (ਸਚੇ ਨਾਮ) ਵਾਹਿਗੁਰੂ ਦਾ ਜਾਪ ਕਰ ਕਰ ਅਰਥਾਤ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਦੀ ਅਥਾਹ ਜਾਪ-ਧੁਨੀ ਕਰਿ ਆਰਾਧਿਆ ਜਾਂਦਾ ਹੈ। ਹੱਤਾਕਿ ਇਹ ਧੁਨੀ ਵਿਸਮਾਦ ਵਿਖੇ ਜਾ ਸਮਾਉਂਦੀ ਹੈ :-

**ਰਾਮ ਨਾਮ ਪਰਮ ਧਰਮ ਸੁਧ ਬੁਧ ਨਿਰੀਕਾਰ,**
**ਬੇਸੁਮਾਰ ਸਰਬਰ ਕਉ ਕਾਹਿ ਜੀਉ।।**
**ਸੁਥਿਰ ਚਿਤ ਭਗਤ ਹਿਤ ਭੇਖੁ ਧਰਿਓ**
**ਹਰਨਾਖਸੁ ਹਰਿਓ ਨਖ ਬਿਦਾਰਿ ਜੀਉ।।**
**ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ,**
**ਅਪਰੰਪਰ ਪਰਬ੍ਰਹਮ ਲਖੈ ਕਉਨੁ ਤਾਹਿ ਜੀਉ।।**
**ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ**
**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ।।**
(ਪੰਨਾ ੧੪੦੨)

ਤੇਰਾ ਇਹ ਵਾਹਿਗੁਰੂ ਨਾਮ, ਹੇ ਰਮਤ ਰਾਮ ! ਤੇਰੇ ਭਗਤਾਂ ਦਾ ਪਰਮ ਧਾਮ ਹੈ। ਭਾਵ ਪਰਮ ਧਾਮ ਆਦਰਸ਼ੀ ਨਾਮ ਇਹ ਸਤਿਨਾਮੁ ਹੈ, ਜੋ ਸੁਧ ਬੁਧ ਅਗੋਚਰਾ ਨਿਰੀਕਾਰ ਅਤੇ ਬੇਸ਼ੁਮਾਰ ਹੈ।

ਇਸ ਦੇ ਸਮਸਰ (ਬਰਾਬਰ) ਹੋਰ ਕੋਈ ਨਾਮ ਨਹੀਂ। ਐਸੇ ਨਾਮ ਵਾਲੇ ਹੇ ਨਾਮੀ ਅਕਾਲ ਪੁਰਖ ! ਤੈਂ ਸੁਧ (ਸਥਿਰ ਚਿਤ ਦੇ) ਭਗਤ ਪ੍ਰਹਿਲਾਦ ਹਿਤ ਨਰਸਿੰਘ ਦਾ ਰੂਪ (ਭੇਖ) ਰਚ ਧਰਿਆ ਅਤੇ ਹਰਨਾਖਸ਼ ਦੈਂਤ ਨੂੰ ਉਸ ਨਰਸਿੰਘ ਰੂਪ ਨੇ ਨਹੁੰਆਂ ਨਾਲ ਹੀ ਮਾਰ ਬਿਦਾਰਿਆ। ਇਹ ਸਭ ਤੇਰੀ ਕਲਾ ਦਾ ਹੀ ਜ਼ਹੂਰ ਸੀ। ਸੰਖ, ਚਕ੍ਰ, ਗਦਾ, ਪਦਮ ਦੇ ਚਿਨ੍ਹਾਂ ਵਾਲੇ ਵਿਸ਼ਨੂੰ ਅਵਤਾਰ ਨੂੰ ਤੈਂ ਉਪਾ ਕੇ ਆਪਣੇ ਸਰੂਪ ਵਿਖੇ ਹੀ ਛੁਪਾ ਸਮਾ ਲਿਆ। ਹੇ ਐਸੇ ਅਪਰੰਪਰ ਪਾਰਬਹਮ ਅਕਾਲ ਪੁਰਖ ! ਤੈਨੂੰ ਕਉਣ ਲਖੇ, ਅਰਥਾਤ ਕੋਈ ਨਹੀਂ ਲਖ ਸਕਦਾ। ਤੂੰ ਸਦਾ ਹੀ ਸਤਿ ਹੈਂ, ਸਦਾ ਹੀ ਸਚ ਸਰੂਪ ਹੈਂ, ਸਰਬ ਕਲਾ ਸਮਰੱਥ, ਸਰਬ ਸ਼ਕਤੀਮਾਨ, ਪਰੰਪਰਾ ਤੋਂ ਹੀ ਚਲਿਆ ਆਇਆ ਆਦਿ ਅਨਾਦਿ ਜੁਗਾਦਿ ਪੁਰਖ ਸਦਾ ਤੂੰ ਹੀ ਹੈਂ। ਹੇ ਸਾਹਿਬਾ ! ਤੇਰਾ ਬਿਸਮਾਦੀ ਨਾਮ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਰਟਦਿਆਂ ਰਟਦਿਆਂ ਅਸੀਂ ਤੇਰੇ ਸਰੂਪ ਵਿਖੇ ਲੀਨ ਹੋਏ ਰਹੀਏ-

**ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਣ,**
**ਮੁਕਟੁ ਸੀਸਿ ਮੋਰ-ਪੰਖ ਚਾਹਿ ਜੀਉ।।**
**ਬੇਵਜੀਰ ਬਡੇ ਧੀਰ,ਧਰਮ ਅੰਗ ਅਲਖ ਅਗੰਮ,**
**ਖੇਲੁ ਕੀਆ ਆਪਣੈ ਉਛਾਹਿ ਜੀਉ।।**
**ਅਕਥ ਕਥੀ ਨ ਜਾਇ, ਤੀਨਿ ਲੋਕ ਰਹਿਆ ਸਮਾਇ,**
**ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ।।**
**ਸਤਿ ਸਾਚ ਸ੍ਰੀ ਨਿਵਾਸੁ,ਆਦਿ ਪੁਰਖੁ ਸਦਾ ਤੁਹੀ**
**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ।।੩।।੯।।**
(ਪੰਨਾ ੧੪੦੨-੩)

ਫੇਰ ਪੀਤ ਬਸਨ ਕੁੰਦ ਦਸਨ ਮੁਕਟ ਸੀਸ ਮੋਰ ਪੰਖ ਆਦਿਕ ਚਿੰਨ੍ਹਾਂ ਵਾਲੇ ਸੀਆ ਸੁਆਮੀ ਰਾਮਾ ਅਵਤਾਰ ਦਾ ਆਪਣੀ ਰੁਚ ਉਛਾਹ ਅਨੁਸਾਰ ਰੂਪ ਰਚ ਕੇ ਉਸ ਅੰਦਰ ਭੀ ਆਪਣੀ ਨੂਰ ਜ਼ਹੂਰੀ ਕਲਾ ਵਰਤਾਈ, ਹੇ *"ਬੀਓ ਪੂਛਿ ਨ ਮਸਲਤਿ ਧਰੈ।। ਜੋ ਕਿਛੁ ਕਰੈ ਸੁ ਆਪਹਿ ਕਰੈ"* ਗੁਰਵਾਕ ਭਾਵ ਦੀ ਸ੍ਵੈ-ਸਮਰਥਾ ਵਾਲੇ ਬੇ-ਵਜ਼ੀਰ (ਵਜ਼ੀਰ ਆਦਿਕ ਮਸ਼ੀਰਕਾਰਾ) ਦੀ ਸਹਾਇਤਾ ਤੋਂ ਅਲੋੜ ਅਤੇ ਬੇਪਰਵਾਹ ਵਡੇ ਧੀਰਜ-ਪੁੰਜ ਅਤੇ ਧਰਮ-ਧੁਜਾ ਵਾਲੇ ਅਲੱਝ ਅਤੇ ਅਗੰਮ ਪਾਰਬ੍ਰਹਮ ! ਇਹ ਸਭ ਖੇਲ ਭੀ ਤੈਂ ਆਪਣੇ ਉਛਾਹ ਉਤਸ਼ਾਹ ਅਧੀਨ ਹੋ ਕੇ ਹੀ ਕੀਤਾ। ਤੇਰੀ ਅਕਥ ਕਥਾ ਕਥੀ ਨਹੀਂ ਜਾ ਸਕਦੀ, ਤੂੰ ਤੀਨ ਲੋਕ ਵਿਖੇ ਸਮਾ ਰਿਹਾ ਹੈਂ, ਹੇ ਸ਼ਾਹਿਨ ਕੇ ਸ਼ਾਹ ! ਤੂੰ ਸੁਤੇ ਸਿਧ ਹੀ ਇਸ ਕਲੂ ਕਾਲ ਵਿਖੇ ਗੁਰੂ ਜਾਮੇ ਰੂਪੀ ਸਰੂਪ ਧਾਰਨ ਕੀਤਾ ਹੈ ਅਰਥਾਤ ਗੁਰ ਅਵਤਾਰ ਹੋ ਕੇ ਕਲਾਧਾਰੀ ਬਣਿਆ ਹੈਂ, ਪ੍ਰਿਥਮ ਜੁਗਾਂ ਅੰਦਰ ਤੈਂ ਲੀਲ੍ਹਾ-ਧਾਰੀ ਅਵਤਾਰ-ਜਾਮੇ ਉਪਾਏ ਅਤੇ ਕਲਿਜੁਗ ਅੰਦਰ ਤੈਂ ਪੂਰਨ ਜਗ ਮਗ ਜੋਤਿ-ਕਲਾ-ਧਾਰੀ ਗੁਰੂ ਅਵਤਾਰ, ਜੀਅ ਦਾਨ ਦੇਣਹਾਰ ਸੱਚੇ ਉਪਕਾਰ ਵਾਲਾ ਸਤਿਨਾਮ ਚੱਕਰ ਸਾਰੇ ਸੰਸਾਰ ਅੰਦਰ ਫਿਰਾਉਣ ਹਿਤ ਅਸਥਿਰ ਕਰਾਏ, ਹੇ *"ਸਤਿ ਸਾਚੁ ਸਿਰੀ ਨਿਵਾਸੁ ਆਦਿ ਪੁਰਖੁ ਸਦਾ ਤੂੰ ਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵ ਵਾਹਿ ਜੀਉ" !*

ਇਸ ਪ੍ਰਕਾਰ ਇਨ੍ਹਾਂ ਸਵੱਈਆਂ ਅੰਦਰ ਕੇਵਲ ਗੁਰੂ ਅਕਾਲ ਪੁਰਖੁ ਦੀ ਅਕਲ ਕਲਾ ਜੁਗੋ ਜੁਗ ਉਪਾਏ ਅਵਤਾਰਾਂ ਅੰਦਰ ਵਰਤਾਏ ਬਿਨੁਮਾਏ ਅਕਲ ਕਲਾ ਦਾ ਨੂਰ ਜ਼ਹੂਰ ਹੀ ਵਰਨਣ ਹੈ। ਗੁਰਮਤਿ ਮਤਿ ਤੋਂ ਸੁੰਵੇ ਅਲਪ ਬੁਧੀ ਵਾਲੇ ਅਨਜਾਣਾਂ ਦੇ ਭਾਣੇ ਇਹਨਾਂ ਸਵੱਈਆਂ ਦਾ ਪਾਠ ਗੁਰਸਿੱਖਾਂ ਨੂੰ ਅਵਤਾਰ-ਭਗਤ ਬਣਾ ਦਿੰਦਾ ਹੈ, ਤਾਂ ਤੇ ਉਨ੍ਹਾਂ ਗੁਰਮਤਿ-ਅਗਿਆਤ ਪੁਰਸ਼ਾਂ ਦੇ ਨਿਕਟ ਇਹ ਭਟ-ਬਾਣੀ ਦੇ ਨਾਮ ਨਾਲ ਪਰਸਿਧ ਬਾਣੀ ਅਵਤਾਰ-ਉਪਾਸ਼ਨਾ ਦ੍ਰਿੜਾਉਣ-ਹਾਰੀ ਹੋਣ ਕਰ ਗੁਰਬਾਣੀ ਨਹੀਂ। ਉਕਤ ਤੁਛ ਬੁਧੀ ਪੁਰਸ਼ ਇਨ੍ਹਾਂ ਸਵੱਈਆਂ ਅੰਦਰ ਆਏ



www.AKJ.Org

ਕਵਲ ਨੈਣ, ਮਧੁਰ, ਪੀਤ ਬਸਨ, ਕੁੰਦ ਦਸਨ ਆਦਿ ਪਦ ਦੇਖ ਕੇ ਅਨੁਮਾਨ ਕਰ ਬੈਠੇ ਕਿ ਇਹ ਤਾਂ ਹਿੰਦੂਆਂ ਦੇ ਅਵਤਾਰਾਂ ਦੀ ਭਗਤ-ਮਹਿਮਾ ਦ੍ਰਿੜਾਉਂਦੇ ਹਨ, ਤਾਂ ਤੇ ਉਹ ਅਨ-ਮਤੀਆਂ ਦੇ ਅਟੈਕਾਂ ਤੋਂ ਅਟੰਕ ਹੋਣ ਲਈ ਡਰਦੇ ਮਾਰੇ ਇਸ ਬਾਣੀ ਨੂੰ ਗੁਰਬਾਣੀ ਮੰਨਣੋਂ ਹੀ ਇਨਕਾਰੀ ਹੋ ਬੈਠੇ। ਪਰੰਤੂ ਵਾਸਤਵ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਗਰ ਬਾਣੀ ਦੇ ਨਾਲ ਹੀ ਇਸ ਬਾਣੀ ਦਾ ਅੰਤਰੀਵੀ ਭਾਵ ਇੰਨ ਬਿੰਨ ਮਿਲਦਾ ਹੈ, ਖਿਚ ਪਾੜ ਕਰ ਕੇ ਇਨ੍ਹਾਂ ਸਵਈਆਂ ਦੇ ਅਰਥਾਂ ਨੂੰ ਅਰਥਾਉਣ ਦੀ ਲੋੜ ਨਹੀਂ, ਤਤ ਭਾਵ ਬਿਵਸਥਾ ਦੇ ਚਾਨਣੇ ਅੰਦਰ ਸੁਤੇ ਸਿਧ ਬਿਨਾਂ ਗੁੰਝਲ ਦੇ ਅਰਥ ਖੁਲ੍ਹ ਜਾਂਦੇ ਹਨ, ਜੋ ਐਨ ਗੁਰਮਤਿ ਆਸ਼ੇ ਦੇ ਅਨਕੂਲ ਸਮਗਰ ਬਾਣੀ ਦੇ ਭਾਵ ਦੇ ਅਨੁਸਾਰ ਹਨ ਅਤੇ *"ਤੈ ਹੀ ਦੁਰਗਾ ਸਾਜ ਕੈ"* ਵਾਲੇ ਸ੍ਰੀ ਦਸਮੇਸ਼ ਵਾਕ ਤੇ *"ਜੁਗੁ ਜੁਗੁ ਭਗਤ ਉਪਾਇਆ"* ਗੁਰਵਾਕ ਦੇ ਅਸਲ ਭਾਵ ਦਾ, ਇਹ ਸਵੱਈਏ ਤਤ ਅਨੁਵਾਦ ਹਨ।

ਸਮੂੰਹ ਅਵਤਾਰਾਂ ਤੇ ਕੋਟ ਬ੍ਰਹਿਮੰਡਾਂ ਦੇ ਮਾਲਕ (ਠਾਕੁਰ ਸੁਆਮੀ) ਅਕਾਲ ਪੁਰਖ ਨੂੰ ਨਾ ਸਿਰਫ਼ ਇਸ ਬ੍ਰਹਿਮੰਡ ਦਾ ਤਤ ਉਧਾਰ ਮਨਜ਼ੂਰ ਹੈ, ਬਲਕਿ ਆਪਣੀ ਸਰਬ ਰਚਨਾ, ਇਸ ਬ੍ਰਹਿਮੰਡ ਸਾਰਖੇ ਕੋਟ ਆਨ ਬ੍ਰਹਿਮੰਡਾਂ ਦਾ, ਤਤ ਉਧਾਰ ਭੀ ਐਨ ਏਸੇ ਪ੍ਰਕਾਰ ਹੀ ਮਨਜ਼ੂਰ ਹੈ ਜੈਸੇ ਕਿ ਇਸ ਜੁਗ ਕਲਜੁਗ ਅੰਦਰ ਇਸ ਬ੍ਰਹਿਮੰਡ ਦਾ ਤਤ ਉਧਾਰ ਕੀਤਾ। ਅਤੇ ਤਤ ਉਧਾਰ ਕੇਵਲ ਸਤਿਨਾਮੁ ਦੁਆਰਾ ਹੀ ਹੋ ਸਕਦਾ ਹੈ, ਤਾਂ ਤੇ ਜਦ ਕਦੇ ਭੀ ਜਿਸ ਕਿਸੇ ਅਤੇ ਜਿਤਨੇ ਬ੍ਰਹਿਮੰਡ-ਖੰਡਾਂ ਦਾ ਤਤ ਉਧਾਰ ਅਕਾਲ ਪੁਰਖ ਨੂੰ ਕਰਨਾ ਮਨਜ਼ੂਰ ਹੋਇਆ, ਤਾਂ ਕੇਵਲ ਸਤਿਨਾਮ ਦਾ ਚਕਰ ਫਿਰਾ ਕੇ ਹੀ ਕੀਤਾ, ਕਰੇਗਾ ਅਤੇ ਕਰ ਰਿਹਾ ਹੈ। ਸਤਿਨਾਮ ਬਿਨਾਂ ਤਤ ਉਧਾਰ ਮੁਮਕਿਨ ਹੀ ਨਹੀਂ। ਅਤੇ ਸਤਿਨਾਮ ਦਾ ਚਕਰ ਫਿਰਾਉਣ ਲਈ ਗੁਰੂ ਨਾਨਕ ਸਦਰਸ ਗੁਰ ਅਵਤਾਰ ਹੀ ਸਮਰੱਥ ਹਨ। ਅਤੇ ਜੁਗਾਂ ਜੁਗਾਂਤਰੀ ਗੁਰੂ ਜੋਤਿ-ਜਾਮੇ, ਤਤ ਉਧਾਰ ਕਲਾ-ਧਾਰੀ ਗੁਰੂ-ਜੋਤਿ ਜਾਮੇ, ਕੋਟ ਬ੍ਰਹਿਮੰਡਾਂ ਦਾ ਉਧਾਰ ਕਰਨ ਨਮਿਤ ਜਦ ਭੀ ਹੋਏ ਹਨ ਅਤੇ ਹੋਸਨ, ਤਾਂ ਕੇਵਲ ਗੁਰੂ ਨਾਨਕ ਸਰੂਪ ਵਿਚ ਹੀ ਹੋਏ ਹਨ, ਅਤੇ ਹੋਸਨ। ਤੁਸੀਂ ਖ਼ਿਆਲ ਕਰੀ ਬੈਠੇ ਹੋਵੋਗੇ ਕਿ ਗੁਰੂ ਨਾਨਕ ਸਾਹਿਬ ਜੀ ਜੋਤੀ ਜੋਤਿ ਸਮਾਏ ਹਨ। ਇਸ ਬ੍ਰਹਿਮੰਡ ਦਾ ਤਤ ਉਧਾਰ ਹੁਕਮ ਵਰਤਾ ਕੇ ਅਵੇਸਲੇ ਹੋ ਬੈਠੇ। ਐਨ ਜੋਤੀ ਜੋਤਿ ਸਮਾਉਣ ਸਮੇਂ ਅਜਿਹੇ ਕਿਸੇ ਹੋਰ ਬ੍ਰਹਿਮੰਡ ਦੇ ਉਧਾਰ ਹਿਤ, ਗੁਰੂ ਨਾਨਕ ਸਮਦਰਸੀ ਦੇ ਅਵਤਾਰ ਕਾਰਨ ਹੀ ਅਵਸ਼ਜ ਲੋੜ ਪਈ ਹੋਸੀ, ਕੀ ਪਤਾ ਅਤੇ ਕਉਣ ਕਹੇ ਕਿ ਕਿਸ ਕਿਸ ਛਿਨ ਅੰਦਰ ਅਤੇ ਇਸ ਛਿਨ ਅੰਦਰ ਗੁਰੂ ਨਾਨਕ ਕਿਸ ਕਿਸ ਬ੍ਰਹਿਮੰਡ ਦਾ ਉਧਾਰ ਕਰ ਰਹੇ ਹੋਣਗੇ। ਕੋਟ ਬ੍ਰਹਿਮੰਡਾਂ ਦੇ ਠਾਕੁਰ ਸੁਆਮੀ ਨੂੰ ਸਭ ਬ੍ਰਹਿਮੰਡਾਂ ਦੇ ਉਧਾਰ ਦਾ ਫ਼ਿਕਰ ਹੈ, ਨਾ ਸਿਰਫ਼ ਇਸ ਬ੍ਰਹਿਮੰਡ ਦੇ ਉਧਾਰ ਦਾ ਹੀ। ਅਤੇ ਇਸ ਉਧਾਰ ਦਾ ਤੱਤ, ਸਤਿਨਾਮ ਦਾ ਚਕਰ ਫਿਰਾਉਣ ਤੋਂ ਹੀ ਬਝਦਾ ਹੈ। ਅਤੇ ਸਤਿਨਾਮ ਦਾ ਚਕਰ ਫਿਰਾਉਣ ਨੂੰ ਕੇਵਲ ਗੁਰੂ ਨਾਨਕ ਸਾਹਿਬ ਹੀ ਸਮਰਥ ਹਨ, ਜੋ ਆਪਣੇ ਨਾਨਾ ਰੂਪਾਂ ਵਿਚ ਰੂਪ-ਲੀਲ੍ਹਾ ਧਾਰੀ ਹੁੰਦੇ ਹੋਏ ਭੀ ਇਕ ਹਨ। ਅਨੇਕ ਤੋਂ ਏਕ ਹਨ, ਅਨੇਕ ਨਹੀਂ, ਇਕੋ ਹੀ ਰੂਪ *'ਨਾ-ਅਨਿਕ'* ਹੋਣ ਕਰ, ਤਾਂ ਗੁਰੂ ਸਤਿਗੁਰੂ ਸਾਹਿਬ ਜੀ ਨਾਨਕ ਨਾਮ ਕਰਕੇ ਪਰਸਿੱਧ ਹਨ। ਤਾਂ ਤੇ ਇਕ ਗੁਰੂ ਨਾਨਕ ਸਾਹਿਬ ਹੀ ਸਤਿਨਾਮ ਵਿਸ਼ੇਸ਼ਣ ਵਾਲੇ ਏਕੋ ਨਾਮ ਨੂੰ ਖੰਡਾਂ ਅਤੇ ਬ੍ਰਹਿਮੰਡਾਂ ਵਿਖੇ ਪਰਚਾਰ ਕਰਨ ਹਿਤ ਸਮਰੱਥ ਹਨ। ਇਸ ਬ੍ਰਹਿਮੰਡ ਵਿਖੇ ਚੌਹਾਂ ਜੁਗਾਂ ਅੰਦਰ ਜਿੰਨੇ ਭੀ ਅੰਬੀਆਂ ਅਵਤਾਰ ਪੈਕੰਬਰ ਹੋਏ, ਜਾਂ ਹੋਇ ਬਤੀਤੇ ਤਿਨਾਂ ਵਿਚੋਂ ਕਿਸੇ ਨੇ ਭੀ ਸਤਿਨਾਮ ਨੂੰ ਨਹੀਂ ਦਿੜ੍ਹਾਇਆ ਜੈਸਾ ਕਿ ਬਚਿਤ੍ਰ ਨਾਟਕ ਵਿਖੇ ਉਚਾਰੇ ਸ੍ਰੀ ਦਸਮੇਸ਼ ਜੀ ਦੇ ਮੁਖਵਾਕ ਤੋਂ ਸਿੱਧ ਅਤੇ ਸਪੱਸ਼ਟ ਹੈ। ਸਤਿਨਾਮ ਦ੍ਰਿੜ੍ਹਾਇਆ ਤਾਂ ਕੇਵਲ ਗੁਰੂ ਅਵਤਾਰ ਜਾਮਿਆਂ, ਅਰਥਾਤ ਗੁਰੂ ਨਾਨਕ ਸਾਹਿਬ ਦੇ ਦਸੇ ਸਰੂਪਾਂ ਨੇ ਦ੍ਰਿੜ੍ਹਾਇਆ, ਅਤੇ *"ਸਤਿਗੁਰੁ ਬਾਝਹੁ ਗੁਰੁ ਨਹੀ ਕੋਈ"* ਦੇ ਭਾਵ ਅਨੁਸਾਰ, ਬਿਨਾਂ ਸਤਿਗੁਰ ਨਾਨਕ ਦੇਵ ਜੀ ਦੇ ਗੁਰੂ ਅਵਤਾਰ ਸਰੂਪ ਦੇ ਹੋਰ ਕੋਈ ਗੁਰੂ ਨਹੀਂ। ਇਸ ਲਈ ਗੁਰ ਨਾਨਕ ਦਸਮੇਸ਼ ਗੁਰ ਅਵਤਾਰ ਸਰੂਪ ਬਿਨਾਂ ਨਾ ਕੋਈ ਸਤਿਨਾਮ ਦੇ ਦ੍ਰਿੜ੍ਹਾਉਣਹਾਰਾ ਹੋਇਆ, ਨਾ ਹੈ, ਨਾ ਹੋਵੇਗਾ। ਤਾਂ ਤੇ ਤਤ ਉਧਾਰ ਕੇਵਲ ਗੁਰ ਸਤਿਗੁਰੂ ਨਾਨਕ ਦੁਆਰਾ ਹੀ ਸੰਭਵ ਹੈ, ਹੋਰ ਕਿਸੇ ਸਿਧ ਕੀਤੇ ਅਵਤਾਰ ਦੁਆਰਾ ਨਹੀਂ, ਅਤੇ ਜੋਈ ਤਤ ਉਧਾਰ ਘਟਨਾ ਇਸ ਬ੍ਰਹਿਮੰਡ ਅੰਦਰ ਘਟਦੀ ਹੈ, ਸੋਈ ਦੂਤੀ ਬ੍ਰਹਿਮੰਡਾਂ ਦੇ ਉਧਾਰ ਪ੍ਰਥਾਇ ਭੀ ਘਟੇਗੀ। ਤਾਂ ਤੇ ਕੋਟ ਬ੍ਰਹਿਮੰਡਾਂ ਦਾ ਠਾਕੁਰ ਸੁਆਮੀ ਦੂਤੀ ਬ੍ਰਹਿਮੰਡਾਂ ਦੇ ਤਤ ਉਧਾਰ ਹਿਤ, ਕੀ ਗੁਰੂ ਨਿਰੰਕਾਰੀ ਸਤਿਗੁਰ ਨਾਨਕ ਬਾਝੋਂ ਕੋਈ ਹੋਰ ਅਵਤਾਰ ਉਪਕਾਰ ਜਾਮਾ ਥਾਪ ਸਕਦਾ ਹੈ ? ਕਦਾਚਿਤ ਨਹੀਂ। ਉਹ ਸਮਦਰਸੀ ਠਾਕੁਰ ਹੈ, ਅਤੇ ਸਭ ਬ੍ਰਹਿਮੰਡਾਂ ਵਿਚ ਉਸੇ ਦੀ ਠਾਕੁਰਾਈ ਹੈ ਇਸ ਠਕੁਰਾਈ ਦਾ ਫ਼ੁਰਮਾਨ ਸਭਨਾਂ ਬ੍ਰਹਿਮੰਡਾਂ ਲਈ ਸਮਾਨ ਅਤੇ ਸਮਸਰ ਹੀ ਵਰਤਦਾ ਹੈ, ਸਮਸਰ ਹੀ ਵਰਤਦਾ ਰਿਹਾ ਅਤੇ ਸਮਸਰ ਹੀ ਵਰਤੇਗਾ। ('ਗੁਰਮਤਿ ਲੇਖ' ਪੁਸਤਕ ਵਿਚੋਂ)



www.AKJ.Org

# ਸਿਖ ਧਰਮ ਵਿਚ ਕੇਸਾਂ ਦੀ ਮਹੱਤਤਾ

(ਵਲੋਂ-ਸ: ਬਲਦੇਵ ਸਿੰਘ ਜੀ)

ਸਿਖ ਕੌਮ ਅਜ ਕਲ੍ਹ ਬੜੇ ਨਾਜ਼ਕ ਦੌਰ ਵਿਚੋਂ ਲੰਘ ਰਹੀ ਹੈ, ਕਿਉਂਕਿ ਨਾਸਤਕਤਾ ਅਤੇ ਫ਼ੈਸ਼ਨ-ਪ੍ਰਸਤੀ ਨੇ ਇਸ ਉਤੇ ਦੋ ਪਾਸਿਓਂ ਹੱਲਾ ਕੀਤਾ ਹੋਇਆ ਹੈ ਅਤੇ ਇਸ ਕਾਰਨ ਸਿੱਖ ਨੌਜਵਾਨ ਬੱਚੇ ਬੱਚੀਆਂ ਦਿਨ ਬਦਿਨ ਪਤਿਤ ਹੁੰਦੇ ਜਾ ਰਹੇ ਹਨ, ਪਰ ਇਸ ਬੀਮਾਰੀ ਨੂੰ ਰੋਕਣ ਲਈ ਅਸੀਂ ਕੋਈ ਖਾਸ ਉਪਰਾਲਾ ਨਹੀਂ ਕਰ ਰਹੇ। ਜੇ ਅਜਿਹੀ ਹਾਲਤ ਰਹੀ ਤਾਂ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਆਉਣ ਵਾਲੇ ਕੁਝ ਸਾਲਾਂ ਵਿਚ ਹੀ ਸਿੱਖ ਕੌਮ ਵਿਚ ਪਵਿੱਤਰ ਕੇਸਾਂ ਅਤੇ ਦਾੜ੍ਹੀ ਵਾਲਿਆਂ ਦੀ ਗਿਣਤੀ ਬਹੁਤ ਘਟ ਜਾਵੇਗੀ। ਸਾਨੂੰ ਇਸ ਬਿਮਾਰੀ ਨੂੰ ਰੋਕਣ ਦਾ ਉਪਰਾਲਾ ਕਰਨਾ ਚਾਹੀਦਾ ਹੈ।

ਵੈਸੇ ਤਾਂ ਹਰ ਇਕ ਧਰਮ ਵਿਚ ਕੇਸਾਂ ਦੀ ਮਹੱਤਤਾ ਆਦਿ ਤੋਂ ਹੀ ਚਲੀ ਆ ਰਹੀ ਹੈ। ਸਾਰੇ ਹਿੰਦੂ ਅਵਤਾਰ ਅਤੇ ਮਹਾਂ ਰਿਸ਼ੀ ਕੇਸਾਧਾਰੀ ਹੋਏ ਹਨ। ਹਜ਼ਰਤ ਈਸਾ ਅਤੇ ਹਜ਼ਰਤ ਮੁਹੰਮਦ ਕੇਸਾਧਾਰੀ ਸਨ। ਮਹਾਤਮਾ ਬੁੱਧ ਦੀਆਂ ਬਹੁਤ ਸਾਰੀਆ ਤਸਵੀਰਾਂ ਅਤੇ ਮੱਠਾਂ ਵਿਚ ਉਨ੍ਹਾਂ ਦੇ ਸਿਰ ਤੇ ਘੁੰਗਰਾਲੇ ਵਾਲਾਂ ਦਾ ਜੂੜਾ ਦਿਖਾਇਆ ਗਿਆ ਹੈ। ਅਜ ਕਲ੍ਹ ਵੀ ਮੰਨੇ ਪਰਮੰਨੇ ਬਜ਼ੁਰਗ ਜਾਂ ਧਾਰਮਕ ਆਗੂ ਕੇਸ ਰਖਦੇ ਹਨ। ਭਾਰਤ ਵਿਚ ਸਾਰੇ ਸੰਤ, ਮਹਾਤਮਾ ਅਤੇ ਰਿਸ਼ੀ ਕੇਸਾਧਾਰੀ ਹਨ। ਸ੍ਰੀ ਵਿਨੋਭਾ ਭਾਵੇ ਦਾ ਨਾਮ ਵਰਨਣ ਯੋਗ ਹੈ। ਸ੍ਰੀ ਟੈਗੋਰ ਦੇ ਰੂਹਾਨੀ ਚਿਹਰੇ ਤੇ ਲੰਬੇ ਕੇਸ ਤੇ ਸਫ਼ੈਦ ਦਾੜ੍ਹੀ ਉਹਨਾਂ ਦੀ ਰੂਹਾਨੀਅਤ ਵਿਚ ਹੋਰ ਵਾਧੇ ਕਰਦੇ ਹਨ। ਰੂਸ ਵਿਚ ਟਾਲਸਟਾਏ, ਇੰਗਲੈਂਡ ਵਿਚ ਬਰਨਾਰਡ ਸ਼ਾਹ ਬੜੇ ਚੰਗੇ ਲਿਖਾਰੀ ਹੋਏ ਹਨ, ਉਹ ਕੇਸਧਾਰੀ ਸਨ। ਕੇਸ ਬਜ਼ੁਰਗੀ ਦੀ ਨਿਸ਼ਾਨੀ ਹੈ ਅਤੇ ਹਰ ਇਕ ਥਾਂ ਸਤਿਕਾਰੇ ਜਾਂਦੇ ਹਨ। ਬਹੁਤ ਸਾਰੇ ਦੇਸ਼ਾਂ ਵਿਚ ਅਦਾਲਤਾਂ ਦੇ ਜਜ ਭਾਵੇਂ ਕੇਸਧਾਰੀ ਨਹੀਂ ਹੁੰਦੇ, ਪਰ ਉਹ ਦੁਨੀਆਂ ਨੂੰ ਕੇਸਾਧਾਰੀ ਬਣ ਕੇ ਦਸਣ ਲਈ ਬਨਾਉਟੀ ਸਫ਼ੈਦ ਕੇਸਾਂ ਦੇ ਵਿਗ ਸਿਰ ਤੇ ਰਖਦੇ ਹਨ। ਫ਼ੈਸ਼ਨੇਬਲ ਇਸਤ੍ਰੀਆਂ ਭਾਂਤ ਭਾਂਤ ਕਿਸਮ ਦੇ ਵਿਗ ਖਰੀਦ ਕੇ ਆਪਣੇ ਕੇਸਾਂ ਤੇ ਜੂੜਿਆਂ ਨੂੰ ਵੱਡਾ ਬਣਾ ਕੇ ਦਰਸਾਉਂਦੀਆਂ ਹਨ।

ਜਿਥੋਂ ਤਕ ਸਿੱਖ ਧਰਮ ਦਾ ਸਬੰਧ ਹੈ, ਕੇਸ ਵਿਸ਼ੇਸ਼ ਮਹਾਨਤਾ ਰਖਦੇ ਹਨ। ਸਾਰੇ ਗੁਰੂ ਸਾਹਿਬਾਨ ਕੇਸਾਧਾਰੀ ਹੋਏ ਸਨ। ਗੁਰੂ ਸਾਹਿਬਾਨ ਦੇ ਨਿਕਟਵਰਤੀ ਭਾਈ ਮਰਦਾਨਾ, ਭਾਈ ਬਾਲਾ, ਬਾਬਾ ਬੁਢਾ ਜੀ ਆਦਿ ਅਤੇ ਹੋਰ ਸੈਂਕੜੇ ਮਹਾਂਪੁਰਸ਼, ਜਿਨ੍ਹਾਂ ਨੂੰ ਸਤਿਗੁਰਾਂ ਦੇ ਚਰਨਾਂ ਦੀ ਛੁਹ ਪ੍ਰਾਪਤ ਹੋਈ ਸੀ, ਕੇਸਾਧਾਰੀ ਹੋਏ ਹਨ। ਗੁਰਬਾਣੀ ਵਿਚ ਕਈ ਮਹਾਂ ਵਾਕ ਅਜਿਹੇ ਆਉਂਦੇ ਹਨ, ਜਿਨ੍ਹਾਂ ਵਿਚ ਕੇਸਾਂ ਦੀ ਹੋਂਦ ਨੂੰ ਸਤਿਕਾਰ ਨਾਲ ਅਤੇ ਸਭ ਤੋਂ ਪਿਆਰੇ ਦਰਸਾਇਆ ਗਿਆ ਹੈ, ਜਿਵੇਂ ਕਿ :-

ਸੋਹਣੇ ਨਕ ਜਿਨ ਲੰਮੜੇ ਵਾਲਾ।। (ਵਡਹੰਸ ਮਹਲਾ ੧)

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਉਂਦੇ ਹਨ :-

ਗੁਰ ਕੇ ਚਰਨ ਕੇਸ ਸੰਗਿ ਝਾਰੇ।।
(ਆਸਾ ਮ: ੫, ਪੰਨਾ ੩੮੭)

ਕੇਸਾ ਕਾ ਕਰਿ ਚਵਰੁ ਢੁਲਾਵਾ,
ਚਰਣ-ਧੂੜਿ ਮੁਖਿ ਲਾਈ।।
(ਸੂਹੀ ਮ: ੫, ਪੰਨਾ ੭੪੯)

ਕੇਸ ਸੰਗਿ ਦਾਸ ਪਗ ਝਾਰਉ,
ਇਹੈ ਮਨੋਰਥ ਮੋਰ।। (ਗੂਜਰੀ ਮ: ੫, ਪੰਨਾ ੫੦੦)

ਕੇਸਾ ਕਾ ਕਰਿ ਬੀਜਨਾ,
ਸੰਤ ਚਉਰੁ ਢੁਲਾਵਉ।।
(ਸੂਹੀ ਮ: ੫, ਪੰਨਾ ੭੪੫)

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਾਰੂ ਰਾਗ ਵਿਚ ਫ਼ੁਰਮਾਉਂਦੇ ਹਨ -

ਸਾਬਤ ਸੂਰਤਿ ਦਸਤਾਰ ਸਿਰਾ।।

ਗੁਰਬਾਣੀ ਵਿਚ ਜਿਥੇ ਸਾਬਤ ਸੂਰਤ ਹੋਣ ਨੂੰ ਸਤਿਕਾਰਿਆ ਗਿਆ ਹੈ, ਉਥੇ ਕੇਸਾਂ ਦੀ ਬੇਅਦਬੀ ਕਰਨ ਨੂੰ ਨਿੰਦਿਆ ਗਿਆ ਹੈ, ਮੁਹਾਵਰਾ ਹੈ-

ਸਾਬਤ ਸੂਰਤ ਰਬ ਦੀ, ਭੰਨੇ ਬੇਈ-ਮਾਨ।।

ਸਿੱਧ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਸਾਬਤ ਸੂਰਤ ਹੋਣ ਦੀ ਦਸਤਾਰ ਸਿਰ ਰੱਖਣ ਦੀ ਮਹਾਨਤਾ ਨੂੰ ਦਰਸਾਂਦੇ ਆਏ ਹਨ, ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਸਿਖ ਕੌਮ ਵਾਸਤੇ ਕੇਸਾਧਾਰੀ ਹੋਣਾ ਜ਼ਰੂਰੀ ਕਰਾਰ ਦੇ ਦਿਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੇਸਾਧਾਰੀ ਹੋਣ ਦਾ ਆਦੇਸ਼ ਉਸ ਵੇਲੇ ਦਿਤਾ ਜਦ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੌਂਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਉਪਰੰਤ ਦਿੱਲੀ ਦੇ ਚਾਂਦਨੀ ਚੌਂਕ ਵਿਚ ਉਹਨਾਂ ਦੇ ਪਏ ਮ੍ਰਿਤਕ ਸਰੀਰ ਦਾ ਸਸਕਾਰ ਕਰਨ ਲਈ ਸਿਖ ਸੰਗਤ ਵਿਚੋਂ ਕੋਈ ਵੀ ਅੱਗੇ ਨਾ ਆਇਆ ਅਤੇ ਛੋਟੇ ਸਭ ਲੁਕ ਛਿਪ ਗਏ। ਗੁਰੂ ਸਾਹਿਬ ਨਾ-ਲੁਕਣ ਵਾਲੀ ਸੰਗਤ ਵੇਖਣਾ ਚਾਹੁੰਦੇ ਸਨ। ਇਨਸਾਨ ਵਿਚ ਜ਼ਾ... ਇ...



www.AKJ.Org

ਬੁਨਿਆਦੀ ਕਮਜ਼ੋਰੀ ਹੈ ਕਿ ਉਹ ਹਰ ਖਤਰੇ ਤੋਂ ਟਲਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਟਲ ਜਾਣ ਨਾਲ ਉਹ ਭੈ-ਭੀਤ ਹੋਣ ਕਾਰਨ ਇਨਸਾਨੀਅਤ ਦੇ ਟੀਚੇ ਤੋਂ ਗਿਰ ਜਾਂਦਾ ਹੈ। ਤਾਹੀਓਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਨੇ ਨਿਰਭੈ ਹੋਣਾ ਧਾਰਮਕ ਅਸੂਲ ਦਸਿਆ ਸੀ-

ਭੈ ਕਾਹੂ ਕਉ ਦੇਤ ਨਹਿ ,

ਨਹਿ ਭੈ ਮਾਨਤ ਆਨ।।(ਸਲੋਕ ਮ: ੯, ਪੰਨਾ ੧੪੨੭)

ਪਰ ਜੇ ਖ਼ਤਰੇ ਦਾ ਮੁਕਾਬਲਾ ਕੀਤਾ ਜਾਵੇ ਤਾਂ ਉਸ ਵਿਚ ਕੁਦਰਤੀ ਤੌਰ ਤੇ ਇਕ ਸ਼ਕਤੀ ਪੈਦਾ ਹੋ ਜਾਂਦੀ ਹੈ, ਜੋ ਉਸ ਨੂੰ ਬਲਵਾਨ ਅਤੇ ਸ਼ਕਤੀ-ਸ਼ਾਲੀ ਬਣਾ ਦਿੰਦੀ ਹੈ। ਜੇ ਖਤਰਾ ਸਮੁਚੀ ਕੌਮ ਨੂੰ ਆ ਜਾਵੇ ਤੇ ਸਮੁੱਚੀ ਕੌਮ ਉਸ ਦੇ ਮੁਕਾਬਲੇ ਤੇ ਡਟ ਜਾਵੇ ਤਾਂ ਉਹ ਸਾਰੀ ਦੀ ਸਾਰੀ ਕੌਮ ਸੂਰਬੀਰ ਅਤੇ ਬਲਵਾਨ ਹੋ ਜਾਂਦੀ ਹੈ ਅਤੇ ਇਹ ਦੁਨਿਆਵੀ ਖ਼ਤਰੇ ਉਸ ਦੇ ਸਾਹਮਣੇ ਤੋਂ ਹਟ ਜਾਂਦੇ ਹਨ। *'ਦੁਖ ਦਾਰੂ ਸੁਖੁ ਰੋਗੁ ਭਇਆ'।*

ਹਿੰਦੂ ਧਰਮ ਦੇ ਮੁੰਡਨ ਸੰਸਕਾਰ ਦੇ ਅਨੁਸਾਰ ਹਰ ਮਰਦ ਬੱਚੇ ਦੇ ਸਿਰ ਤੋਂ ਜਾਮਣੂ ਕੇਸ ਜਦ ਤਕ ਲਾਹ ਨਹੀਂ ਦਿਤੇ ਜਾਂਦੇ, ਉਹ ਬੱਚਾ ਅਜਾਤੀ ਰਹਿੰਦਾ ਹੈ, ਭਾਵ ਜਾਤ ਪਾਤ ਤੋਂ ਰਹਿਤ ਹੁੰਦਾ ਹੈ। ਮੁੰਡਨ ਸੰਸਕਾਰ ਕਰਨ ਉਪਰੰਤ ਜਿਸ ਜਾਤੀ ਵਰਨ ਦਾ ਉਹ ਹੁੰਦਾ ਹੈ, ਉਸ ਨੂੰ ਉਸ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ, ਭਾਵ ਮੁੰਡਨ ਸੰਸਕਾਰ ਹੋਣ ਉਪਰੰਤ ਉਸ ਨੂੰ ਬ੍ਰਾਹਮਣ ਖਤਰੀ ਜਾਂ ਵੈਸ਼ ਬਣਾਇਆ ਜਾ ਸਕਦਾ ਹੈ। ਸਿਖ ਧਰਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਧਰਮ ਵਿਚ ਜ਼ਾਤ ਪਾਤ ਨੂੰ ਕੋਈ ਥਾਂ ਨਹੀਂ। ਸਾਰੇ ਆਪਣੇ ਸਿਰਾਂ ਤੇ ਜਨਮ ਤੋਂ ਆਏ ਪਵਿਤਰ ਕੇਸ ਰਖਦੇ ਹੋਏ ਇਸ ਦੇਸ਼ ਦੇ ਰਿਵਾਜ ਅਨੁਸਾਰ ਅਜਾਤੀ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਦੇਸ਼ ਅਨੁਸਾਰ ਸਿਖ ਸੰਗਤ ੧੬੭੫ ਤੋਂ ਉਪੰਰਤ ਲਾਜ਼ਮੀ ਤੌਰ ਤੇ ਕੇਸ ਅਤੇ ਦਾੜ੍ਹੀ ਰਖਣ ਲਗ ਪਈ। ਇਸ ਤਰ੍ਹਾਂ ਮਹਾਂ ਵਾਕ ਅਨੁਸਾਰ *'ਸਾਬਤ ਸੂਰਤਿ ਦਸਤਾਰ ਸਿਰਾਂ'* ਵਾਲੀ ਇਕ ਵੱਖਰੀ ਕੌਮ ਇਸ ਧਰਤੀ ਤੇ ਉਪਜਣ ਲਗ ਪਈ। ਇਹਨਾਂ ਨੂੰ ਇਕ ਦੂਜੇ ਨਾਲ ਜੁੜਨ ਵਿਚ ਕਿਸੇ ਹੋਰ ਜਾਣ ਪਛਾਣ ਦੀ ਲੋੜ ਨਹੀਂ ਸੀ। ੧੬੯੯ ਈਸਵੀ ਵਿਚ ਵਿਸਾਖੀ ਵਾਲੇ ਦਿਨ ਇਸ ਵੱਖਰੀ ਰਹਿਣੀ ਬਹਿਣੀ ਲਈ ਸੰਗਤ ਨੂੰ ਸੱਚੇ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਸੱਦ ਕੇ ਖਾਲਸਾ ਸਜਣ ਦਾ ਆਦੇਸ਼ ਦਿਤਾ। ਇਕ ਹੀ ਰਹਿਣੀ ਬਹਿਣੀ, ਹਰ ਇਕ ਦੇ ਨਾਉਂ ਨਾਲ ਸਿੰਘ ਖਾਲਸੇ ਦੀਆਂ ਵਿਸ਼ੇਸ਼ਤਾਵਾਂ ਸਨ। ਮੁਗਲ ਹਕੂਮਤ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਤੋਂ ਲਗਾਤਾਰ ਸਿਖਾਂ ਤੇ ਜ਼ੁਲਮ ਕਰਦੀ ਆ ਰਹੀ ਸੀ। ਹੁਣ ਇਨ੍ਹਾਂ ਤੇ ਅਤਿਆਚਾਰ ਹੋਰ ਵਧ ਗਏ। ਸਿੱਖਾਂ ਨੇ ਇਸ ਦਾ ਮੁਕਬਲਾ ਕੀਤਾ। ਅੰਤ ੧੬੯੯ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਸਰਪ੍ਰਸਤੀ ਵਿਚ ਜ਼ੁਲਮ ਨੂੰ ਤੋੜਨ ਦਾ ਉਦਮ ਸ਼ੁਰੂ ਕਰ ਕੇ ਦਸ ਸਾਲਾਂ ਦੇ ਅੰਦਰ ੧੭੦੯ ਵਿਚ ਪੰਜਾਬ ਦੀ ਧਰਤੀ ਤੇ ਜ਼ਾਲਮ ਹਕੂਮਤ ਦੇ ਵਡੇ ਵਡੇ ਅੱਡੇ ਬਨੂੜ, ਸਨੌਰ, ਸਮਾਨਾ, ਸੁਤਰਾਣਾ, ਸੁਨਾਮ, ਥਾਨੇਸਰ, ਅੰਬਾਲਾ ਅਤੇ ਹੋਰ ਸ਼ਹਿਰ ਜਿਥੋਂ ਕਿ ਮੁਗਲ ਹਕੂਮਤ ਆਪਣੀ ਫੌਜ ਲਈ ਬੰਦੇ ਅਤੇ ਮਾਇਆ ਲੈਂਦੀ ਸੀ, ਖਤਮ ਕਰ ਦਿਤੇ। ਅੰਤ ੧੨ ਮਈ, ੧੭੧੦ ਨੂੰ ਸਰਹੰਦ ਉਤੇ ਹਮਲਾ ਕਰ ਕੇ ਉਸ ਦੀ ਇਟ ਨਾਲ ਇਟ ਵਜਾ ਦਿਤੀ ਅਤੇ ਪਹਿਲਾ ਸਿਖ ਰਾਜ ਕਾਇਮ ਕੀਤਾ।

ਅੰਤ ੧੭੬੫ ਈਸਵੀ ਵਿਚ ਸਿਖ ਮੁਸਲਮਾਨ ਤਾਕਤਾਂ ਨੂੰ ਕਰਾਰੀ ਸੱਟ ਮਾਰ ਕੇ ਇਸ ਧਰਤੀ ਉਤੇ ਦਿੱਲੀ ਦੇ ਲਾਲ ਕਿਲ੍ਹੇ ਦੀਆਂ ਕੰਧਾਂ ਤੋਂ ਲੈ ਕੇ ਪਸ਼ੌਰ ਤਕ ਦੇ ਇਲਾਕੇ ਨੂੰ ਆਜ਼ਾਦ ਕਰਾਉਣ ਵਿਚ ਸਫਲ ਹੋਏ। ਹਜ਼ਾਰਾਂ ਸਾਲਾਂ ਤੋਂ ਹੋ ਰਹੇ ਪੱਛਮ ਵਲੋਂ ਹਮਲਿਆਂ ਦੇ ਦਰਿਆ ਦਾ ਹੜ੍ਹ ਪਿਛੇ ਮੋੜ ਦਿਤਾ। ਮਗਰੋਂ ਇਸੇ ਇਲਾਕੇ ਉਤੇ ਸਰਬ-ਸਾਂਝੀਵਾਲਤਾ ਦੇ ਅਸੂਲਾਂ ਨੂੰ ਮੁਖ ਰਖਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਮ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਖਾਲਸਾ ਰਾਜ ਕਾਇਮ ਕੀਤਾ, ਜਿਸ ਦੀਆਂ ਹੱਦਾਂ ਰੂਸ ਅਤੇ ਚੀਨ ਨਾਲ ਛੂਹਣ ਲਗ ਪਈਆਂ। ਅਜ ਦੇ ਆਜ਼ਾਦ ਭਾਰਤ ਦੇਸ਼ ਦੇ ਨਕਸ਼ੇ ਦੀਆਂ ਕਸ਼ਮੀਰ ਖੇਤਰ ਵਿਚ ਸੀਮਾ ਨੀਯਤ ਕਰਨ ਵਾਲੀਆਂ ਪਾਈਆਂ ਲੀਕਾਂ ਇਸ ਬਹਾਦਰ ਸੂਰਬੀਰ ਕੌਮ ਦੀ ਬਹਾਦਰੀ ਦਾ ਸਬੂਤ ਹਨ। ੧੬੭੫ ਤਕ ਦਏਕ ਹੁਕਮਰਾਨ ਜਥੇਬੰਦੀ ਬਣ ਗਈ, ਇਹ ਪਵਿਤਰ ਕੇਸਾਂ ਦੀ ਬਰਕਤ ਹੈ।

ਸਿੱਖ ਅਜ ਦੇ ਸੁਤੰਤਰ ਭਾਰਤ ਵਿਚ ਇਕ ਮਾਨਯੋਗ ਅਸਥਾਨ ਰਖਦੇ ਹਨ। ਪੰਜਾਬ ਤੋਂ ਬਾਹਰ ਹਰ ਸ਼ਹਿਰ ਵਿਚ ਇਹ ਚੰਗੀ ਤਰ੍ਹਾਂ ਕੇਸਾਧਾਰੀ ਹੋਣ ਕਾਰਨ ਜਥੇਬੰਦ ਹਨ। ਵਿਦੇਸ਼ਾ ਵਿਚ ਕੋਈ ਵੀ ਦੇਸ਼ ਅਜਿਹਾ ਨਹੀਂ, ਜਿਥੇ ਸਿਖ ਜਥੇਬੰਦੀਆਂ ਕਾਇਮ ਨਹੀਂ ਅਤੇ ਗੁਰਦੁਆਰਿਆਂ ਦੇ ਕੇਸਰੀ ਨਿਸ਼ਾਨ ਅਸਮਾਨ ਵਿਚ ਨਹੀਂ ਲਹਿਰਾਉਂਦੇ। ਕੇਵਲ *'ਸਾਬਤ ਸੂਰਤਿ ਦਸਤਾਰ ਸਿਰਾ'* ਹੋਣ ਕਾਰਨ ਹੀ ਦਿਲਾਂ ਦੀ ਸਾਂਝ ਪੈ ਜਾਂਦੀ ਹੈ। ਇਹ ਜਿਥੇ ਧਾਰਮਕ ਲੋੜਾਂ ਪੂਰੀਆਂ ਕਰਦੇ ਹਨ। ਉਥੇ ਭਾਈਚਾਰਕ ਕੰਮ ਵੀ ਸੌਰਦੇ ਹਨ। ਅਸੀਂ ਸਾਰੀ ਦੁਨੀਆਂ ਵਿਚ ਕੇਵਲ ਇਸੇ ਕਾਰਕੇ ਜਾਣੇ, ਪਛਾਣੇ ਜਾਂਦੇ ਹਾਂ ਅਤੇ ਕੇਵਲ ਇਸੇ ਕਰਕੇ ਜਥੇਬੰਦ ਹੋ ਸਕਦੇ ਹਾਂ। ਜੇ ਕੇਸ ਨਹੀਂ ਤਾਂ ਹਾਰ ਨਾਲੋਂ ਟੁੱਟੇ ਹੋਏ ਮੋਤੀ ਵਰਗੀ ਗਲ ਹੋ ਜਾਂਦੀ ਹੈ। ਜਿਹੜੇ ਕੇਸ ਸਾਨੂੰ ਇੱਜ਼ਤ ਅਤੇ ਗੌਰਵ ਬਖਸ਼ਦੇ ਹਨ, ਫਿਰ ਉਨ੍ਹਾਂ ਦੀ ਬੇਅਦਬੀ ਕਿਉਂ ?

ਕੇਸ ਕਤਲ ਕਰਨ ਨਾਲ ਸਿਖ ਮਾਨਸਿਕ ਤੌਰ ਤੇ ਗਿਰਾਵਟ ਵੱਲ ਜਾਂਦਾ ਹੈ। ਮੁਗਲਾਂ ਨਾਲ ਜਦੋ-ਜਹਿਦ



www.AKJ.Org

ਸਮੇਂ ਜ਼ਾਲਮ ਹਾਕਮ ਉਸ ਸਿਖ ਦੀ ਜਾਨ-ਬਖਸ਼ੀ ਕਰਦੇ ਸਨ, ਜੋ ਕੇਸ ਕਤਲ ਕਰਵਾ ਦੇਵੇ। ਭਾਵ ਹਕੂਮਤ ਨੂੰ ਖ਼ਤਰਾ ਸਿਖ ਨਾਲੋਂ ਵਧ ਉਸ ਦੇ ਕੇਸਾਂ ਤੋਂ ਸੀ। ਪਰ ਸਿੱਖਾਂ ਨੂੰ ਜਾਨ ਨਾਲੋਂ ਕੇਸ ਪਿਆਰੇ ਸਨ। ਉਹ *"ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਉਣ"* ਦੀ ਅਰਦਾਸ ਅਜ ਵੀ ਕਰਦੇ ਹਨ। ਚੰਗੀ ਬੁਰੀ ਖ਼ਬਰ ਸੁਨਣ ਨਾਲ ਲੂੰ ਕੰਡੇ ਖੜੇ ਹੁੰਦੇ ਹਨ। ਜੇ ਇਹ ਮੁਰਦਾ ਹੋਵੇ ਤਾਂ ਕਿਵੇਂ ਹੋਵੇ।

ਵੈਦਕ ਸਮੇਂ ਇਕ ਬ੍ਰਾਹਮਣ ਦੇ ਕੇਸ ਕਤਲ ਕਰਨ ਨੂੰ ਮੌਤ ਦੀ ਸਜ਼ਾ ਨਾਲ ਤੁਲਨਾ ਦਿਤੀ ਜਾਂਦੀ ਸੀ। ਭੈੜੇ ਰਸਮਾਂ ਕਾਰਨ ਇਸ ਦੇਸ਼ ਦੇ ਕਈ ਹਿਸਿਆਂ ਵਿਚ ਇਕ ਵਿਧਵਾ ਔਰਤ ਨੂੰ ਸੁਸਾਇਟੀ ਵਿਚ ਦਰਜਾ ਘਟ ਕਰਨ ਵਾਸਤੇ ਉਸ ਦੇ ਕੇਸ ਕਤਲ ਕਰ ਦਿੰਦੇ ਸਨ। ਕੇਸਾਂ ਦਾ ਰਖਣਾ ਇਕ ਭਾਗਸ਼ਾਲੀ ਗਲ ਬਣਦੀ ਹੈ।

ਅੰਗਰੇਜ਼ ਨੇ ਪੰਜਾਬ ਤੇ ਕਬਜ਼ਾ ਕਰਨ ਉਪਰੰਤ ਸਿਖ ਰਾਜਿਆਂ ਨੂੰ ਅਤੇ ਵਡੇ ਵਡੇ ਸਰਦਾਰਾਂ ਨੂੰ ਪਤਿਤ ਕਰਨ ਵਿਚ ਕੋਈ ਕਸਰ ਨਹੀਂ ਸੀ ਰੱਖੀ ਤਾਂ ਕਿ ਉਹ ਸੰਗਤ ਨਾਲੋਂ ਟੁਟ ਜਾਣ।

ਜੋ ਸਿਖ ਅੰਗਰੇਜ਼ ਦੀ ਨੌਕਰੀ ਵਿਚ ਆਏ ਉਨ੍ਹਾਂ ਨੂੰ ਪਤਿਤ ਹੋਣ ਤੋਂ ਉਨ੍ਹਾਂ ਰੋਕਿਆ ਅਤੇ੧੮੫੧ ਵਿਚ ਕਾਨੂੰਨ ਬਣਾਇਆ ਕਿ ਨੌਕਰੀ ਵਿਚ ਆਏ ਸਿਖ ਨੂੰ ਪਤਿਤ ਹੋਣ ਤੇ ਸਜ਼ਾ ਦਿਤੀ ਜਾਵੇਗੀ। ਇਹ ੧੯੪੭ ਤੀਕ ਲਾਗੂ ਰਿਹਾ। ਅੰਗਰੇਜ਼ ਜਾਣਦਾ ਸੀ ਕਿ ਪਤਿਤ ਹੋਣ ਨਾਲ ਸਿਖ ਵਿਚ ਗਿਰਾਵਟ ਆਉਂਦੀ ਹੈ। ਇਹ ਗ਼ੈਰ-ਜ਼ਿਮੇਵਾਰੀ ਹੈ। ਉਹ ਗ਼ੈਰ-ਜ਼ਿੰਮੇਵਾਰ ਕਰਮਚਾਰੀ ਤੇ ਭਰੋਸਾ ਨਹੀਂ ਕਰ ਸਕਦੇ ਸਨ। ਇਸ ਲਈ ਇਹ ਆਦੇਸ਼ ਦਿਤਾ ਗਿਆ ਸੀ। ਇਸ ਕਿਸਮ ਦੀ ਗ਼ੈਰ-ਜ਼ਿਮੇਵਾਰੀ ਹੁਣ ਵੀ ਕਿਉਂ ਸਹਿਣ ਹੋਵੇ ?

ਕੁਦਰਤ ਨੇ ਇਨਸਾਨ ਨੂੰ ਸਾਰੇ ਜੀਵਾਂ ਨਾਲੋਂ ਵਧੀਆ ਦਿਮਾਗ਼ ਦਿਤਾ ਹੈ। ਇਸ ਦਿਮਾਗ਼ ਦੇ ਉਪਰ ਕੁਦਰਤ ਨੇ ਜਿਤਨੇ ਲੰਮੇ ਵਾਲ ਇਨਸਾਨ ਨੂੰ ਦਿਤੇ ਹਨ, ਹੋਰ ਕਿਸੇ ਜੀਵ ਨੂੰ ਨਹੀਂ ਦਿਤੇ। ਵਾਲ ਜਿਸਮ ਦੇ ਜੀਉਂਦਾ ਅੰਗ ਹਨ। ਇਹਨਾਂ ਵਿਚ ਜਿਸਮ ਦੇ ਤੱਤ ਦੌਰਾ ਕਰਦੇ ਹਨ। ਸੂਰਜ ਦੀਆਂ ਕਿਰਨਾਂ ਇਹਨਾਂ ਰਾਹੀਂ ਜਿਸਮ 'ਚ ਦਾਖ਼ਲ ਹੋ ਕੇ ਵਿਟਾਮਿਨ ਡੀ ਬਣਾਉਂਦੀਆਂ ਹਨ, ਜਿਸ ਨਾਲ ਸਾਰੀਆਂ ਹੱਡੀਆਂ ਦਾ ਢਾਂਚਾ ਤੇ ਇਸ ਤਰ੍ਹਾਂ ਜਿਸਮ ਮਜ਼ਬੂਤ ਹੁੰਦਾ ਹੈ। ਸਿਖ ਧਰਮ ਦੇ ਅਸਰ ਹੇਠ ਆਏ ਇਨਸਾਨਾਂ ਦੀ ਕਿਰਤ ਕਮਾਈ ਫ਼ੌਜਾਂ ਵਿਚ ਬਹਾਦਰੀ, ਖੇਡਾਂ ਵਿਚ ਮਹਾਨਤਾ ਇਹ ਭਲੀ ਪਰਕਾਰ ਸਿਧ ਕਰ ਦਿੰਦੀ ਹੈ ਕਿ ਕੇਸਧਾਰੀ ਹੋਣ ਕਾਰਨ ਉਹਨਾਂ ਨੂੰ ਜਿਸਮਾਨੀ ਤਾਕਤ ਵਧ ਮਿਲੀ ਹੈ।

ਬੰਗਾਲ ਵਿਚ ਡਾਕਟਰਾਂ ਦੀ ਇਕ ਟੀਮ ਨੇ ਸਰਵੇ ਕਰ ਕੇ ਨਿਸਚਾ ਕੀਤਾ ਹੈ ਕਿ ਹੱਡੀਆਂ ਦੇ ਰੋਗ ਵਾਲ ਕੱਟਣ ਵਾਲਿਆਂ ਨੂੰ ਵੱਧ ਹੁੰਦੇ ਹਨ। ਫਿਰ ਇਸ ਕੁਦਰਤ ਦੀ ਦਾਤ ਨੂੰ ਅਸੀਂ ਕਿਉਂ ਨਾ ਸਾਂਭ ਕੇ ਰਖੀਏ ?

ਮੁਸਲਮਾਨਾਂ ਨੇ ਸਪੇਨ ਤੇ ਕਬਜ਼ਾ ਕਰ ਕੇ ਹਕੂਮਤ ਕੀਤੀ, ਪਰ ਸਮੇਂ ਦੀ ਚਾਲ ਨੇ ਉਨ੍ਹਾਂ ਦਾ ਧਾਰਮਕ ਜਜ਼ਬਾ ਖ਼ਤਮ ਕਰ ਦਿਤਾ। ਅਜ ਉਥੇ ਅਸਮਾਨਾਂ ਨੂੰ ਛੂੰਹਦੀਆਂ ਸੰਗਮਰਮਰ ਦੀਆਂ ਮਸਜਿਦਾਂ ਮੌਜੂਦ ਹਨ, ਪਰ ਨਿਮਾਜ਼ ਪੜ੍ਹਨ ਵਾਲਾ ਕੋਈ ਨਹੀਂ।

ਹਿੰਦੁਸਤਾਨ ਵਿਚ ਮਹਾਨ ਬੁਧ ਧਰਮ ਜੋ ਅੱਧੀ ਦੁਨੀਆਂ ਦਾ ਮਜ਼੍ਹਬ ਸੀ, ਦਾ ਕੀ ਬਣਿਆ ? ਸਿਖਾਂ ਨੂੰ ਇਸ ਤੋਂ ਸਬਕ ਲੈਣਾ ਚਾਹੀਦਾ ਹੈ। ਸਾਨੂੰ ਆਪਣੇ ਪਰਚਾਰ-ਢੰਗਾਂ ਨੂੰ ਸੁਧਾਰ ਕੇ ਪ੍ਰਚਾਰ ਦੀ ਮੁਹਿੰਮ ਤੇਜ਼ ਕਰਨੀ ਚਾਹੀਦੀ ਹੈ। ਵਿਛੜਿਆਂ ਦੀ ਅਣਖ ਜਗਾ ਕੇ ਮੁੜ ਆਪਣੇ ਦਾਇਰੇ ਵਿਚ ਲੈਣਾ ਚਾਹੀਦਾ ਹੈ।

ਅਹਿਮਦ ਸ਼ਾਹ ਅਬਦਾਲੀ ਇਕ ਵੱਡਾ ਜੇਤੂ ਜਰਨੈਲ ਸੀ। ਹਿੰਦੁਸਤਾਨ ਤੇ ਉਸ ਨੇ ੧੭੪੮ ਤੋਂ ੧੭੬੫ ਤਕ ਕਈ ਹੱਲੇ ਕੀਤੇ। ਮੁਗ਼ਲ ਹਕੂਮਤ ਨੂੰ ਸ਼ਿਕੱਸਤ ਦਿਤੀ। ਪੰਜਾਬ ਨੂੰ ਖੋਹ ਕੇ ਕਾਬਲ ਦੀ ਹਕੂਮਤ ਨਾਲ ਸ਼ਾਮਲ ਕੀਤਾ, ਪਰ ਸਿਖਾਂ ਦੇ ਹਥੋਂ ਉਹ ਤਕਰੀਬਨ ਤਕਰੀਬਨ ਹਰੇਕ ਹੱਲੇ ਵਿਚ ਹਾਰ ਖਾਂਦਾ ਰਿਹਾ। ਅੰਤ ਪੰਜਾਬ ਸਿਖਾਂ ਨੇ ਉਸ ਤੋਂ ਵਾਪਸ ਖੋਹ ਲਿਆ। ਉਸ ਦਾ ਕਥਨ ਸੀ ਕਿ ਸਿਖਾਂ ਨੂੰ ਉਸ ਵੇਲੇ ਤੀਕ ਨਹੀਂ ਜਿਤਿਆ ਜਾ ਸਕਦਾ ਜਦੋਂ ਤੀਕ ਇਹਨਾਂ ਦਾ ਧਾਰਮਿਕ ਜਜ਼ਬਾ ਠੰਢਾ ਨਹੀਂ ਪੈਂਦਾ।

ਜਦ ਸਿਖ ਕੇਸਾਂ-ਦਾੜ੍ਹੀ ਦੀ ਬੇਅਦਬੀ ਕਰਦਾ ਹੈ, ਉਸ ਦਾ ਧਾਰਮਕ ਜਜ਼ਬਾ ਖ਼ਤਮ ਹੋ ਜਾਂਦਾ ਹੈ। ਉਹ ਸੰਗਤ ਤੋਂ ਸ਼ਰਮਸਾਰ ਅਤੇ ਬੇਸ਼ਰਮ ਹੋ ਕੇ ਟੁਟ ਜਾਂਦਾ ਹੈ। ਅਜਿਹੀ ਹਾਲਤ ਜੇ ਨਾ ਰੋਕੀ ਗਈ ਤਾਂ ਸਿਖੀ ਕਿੰਨੀ ਦੇਰ ਚਲ ਸਕਦੀ ਹੈ।

ਸਿਖ ਕੌਮ ਦਾ ਸ਼ਾਨਦਾਰ ਇਤਿਹਾਸ ਅਤੇ ਅੱਜ ਦਾ ਸਤਿਕਾਰ ਭਰਪੂਰ ਜੀਵਨ ਇਸ ਕਾਰਨ ਹੈ ਕਿ ਸਾਡੇ ਬਜ਼ੁਰਗਾਂ ਨੇ ਇਸ ਨੂੰ ਲਗਾਤਾਰ ਬਣਾਈ ਰੱਖਣ ਦੀ ਹਿੰਮਤ ਨੂੰ ਢਿੱਲਾ ਨਹੀਂ ਹੋਣ ਦਿਤਾ ਸੀ। ਪਰ ਇਹ ਅਕ੍ਰਿਤਘਣਤਾ ਹੋਵੇਗੀ ਜੇ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਨਾ ਸੰਭਾਲਿਆ।

ਸਿਆਣਾ ਮਾਲੀ ਆਪਣੀ ਫੁਲਵਾੜੀ ਦੀ ਰਾਖੀ ਕਰਦਾ ਹੈ ਅਤੇ ਆਉਣ ਵਾਲੀ ਬਹਾਰ ਲਈ ਪਨੀਰੀ ਨੂੰ ਧਿਆਨ ਨਾਲ ਪਾਲਦਾ ਹੈ। ਸਾਨੂੰ ਆਪਣੇ ਫ਼ਰਜ਼ਾਂ ਤੋਂ ਅਵੇਸਲੇ ਨਹੀਂ ਹੋਣਾ ਚਾਹੀਦਾ, ਨਹੀਂ ਤਾਂ ਇਤਿਹਾਸ ਸਾਨੂੰ ਮੁਆਫ਼ ਨਹੀਂ ਕਰੇਗਾ।



www.AKJ.Org

# ਗੁਰਮੁਖ ਪੰਥ ਅਤੀਤੰ

(ਗਿਆਨੀ ਜਸਮੇਰ ਸਿੰਘ ਜੀ ਪਾਲ)

ਪਰਮਾਰਥ ਤੇ ਸੁਆਰਥ ਇੱਕਠੇ ਨਹੀਂ ਹੋ ਸਕਦੇ। ਪਰ ਇਹ ਪਰਮਾਰਥ ਦੀ ਖੇਡ ਉਦੋਂ ਹੀ ਵਰਤੇਗੀ ਜਦੋਂ ਜੀਵ ਸੁਆਰਥ ਦੀਆਂ ਹੱਦਾਂ ਟੱਪ ਕੇ ਪਰਮ ਪਦ ਦੇ ਮਹਿੰਗੇ ਸੌਦੇ ਨੂੰ ਖ਼ਰੀਦਣ ਚੜ੍ਹ ਪਏ। ਕੋਈ ਸੋਨਾ-ਚਾਂਦੀ ਵਿਹਾਜਦਾ ਹੈ ਤੇ ਕੋਈ ਲੌਂਗ ਸੁਪਾਰੀ, ਪਰ ਗੁਰਮੁਖ ਪਿਆਰੇ ਹਰੀ ਦਾ ਨਾਮ ਹੀ ਵਿਹਾਜਦੇ ਹਨ। ਇਸ ਹਰਿ-ਧਨ ਨੂੰ ਜਮਦੂਤ ਜੋਹ ਨਹੀਂ ਸਕਦੇ, ਪਾਣੀ ਰੋੜ੍ਹ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ ਅਤੇ ਚੋਰ ਲੁੱਟ ਨਹੀਂ ਸਕਦੇ। ਇਹ ਅਮੋਲਕ ਧਨ ਜੀਵ ਦੇ ਸਦਾ ਨਾਲ ਜਾਂਦਾ ਹੈ।

ਆਤਮਾ ਅਮਰ ਹੈ। ਆਤਮ-ਜੋਤਿ ਵਿਚ ਰਵ ਰਹੇ ਗੁਰੂ-ਪਿਆਰੇ, ਸਰੀਰ ਨੂੰ ਕੱਪੜਾ ਸਮਝਦੇ ਹਨ। ਸਰੀਰ ਦਾ ਤਿਆਗ ਉਨ੍ਹਾਂ ਲਈ ਇਵੇਂ ਹੈ ਜਿਵੇਂ ਇੱਕ ਕੋਠੇ 'ਚ ਨਿਕਲ ਕੇ ਸਹਿਜੇ ਹੀ ਦੂਜੇ ਕੋਠੇ ਵਿੱਚ ਜਾ ਵੜੇ। ਇਹੋ ਜਿਹੀ ਉਚ ਅਵਸਥਾ ਕਿਸੇ ਭਾਗਾਂ ਵਾਲੇ ਦੀ ਹੁੰਦੀ ਹੈ, ਜੋ ਦੁਨੀਆ ਵਲੋਂ ਆਪਾ ਭਾਵ ਮਾਰ ਕੇ ਆਤਮ-ਰੰਗਾਂ ਵਿਚ ਜਿਊਂਦੇ ਹਨ, ਜਿਨ੍ਹਾਂ ਨੂੰ ਹਾਟੀ ਬਾਟੀ ਨੀਂਦ ਨਹੀਂ ਆਉਂਦੀ। ਜਿਨ੍ਹਾਂ ਦਾ ਪਰ ਘਰ ਚਿਤ ਨਹੀਂ ਡੋਲਦਾ, ਜਿਨ੍ਹਾਂ ਪਾਸ ਸਤਿਨਾਮ ਬਾਝੋਂ ਹੋਰ ਕੋਈ ਕਰਾਮਾਤ ਨਹੀਂ। ਇਹ ਨਾਮ ਦਾਤ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਤੋਂ ਆਪ ਸਾਹਿਬ ਤਰੁੱਠਦਾ ਹੈ। ਸਾਹਿਬ ਤਰੁੱਠਦਾ ਉਦੋਂ ਹੈ ਜਦੋਂ ਇਹ ਪੰਜ ਭੂਤਕ ਦੇਹੀ ਰਜੋ, ਤਮੋ, ਸਤੋ ਤੋਂ ਉਤਾਂਹ ਉਠ ਕੇ ਅਠੋਂ ਪਹਿਰ ਸਤਿਨਾਮ ਦਾ ਜਾਪ ਕਰਦੀ ਹੈ, ਗੁਰੂ ਦੁਆਰੇ ਹੋ ਕੇ। ਉਦੋਂ ਇਸ ਦੇ ਭਰਮ ਦੇ ਛੌੜ ਕੱਟੇ ਜਾਂਦੇ ਹਨ। ਸਾਹਿਬ ਆਪਣੀ ਜੋਤਿ ਅੰਦਰ ਧਰ ਦਿੰਦਾ ਹੈ, ਅਗਿਆਨ ਦਾ ਅੰਧੇਰਾ ਕੱਟ ਕੇ ਗੁਰ-ਗਿਆਨ ਦਾ ਪ੍ਰਚੰਡ ਦੀਵਾ ਬਾਲ ਦਿੰਦਾ ਹੈ। ਇਉਂ ਗੁਰ-ਸਬਦ ਦੀ ਅਟੁੱਟ ਕਮਾਈ ਨਾਲ ਭਵਜਲ ਤਰੀਦਾ ਹੈ ਅਤੇ ਆਵਾਗਉਣ ਤੋਂ ਛੁਟਕਾਰਾ ਮਿਲਦਾ ਹੈ। ਪਰ ਇਸ ਨਾਮ-ਪਦਾਰਥ ਨੂੰ ਪਾ ਕੇ ਜੋ ਬਿਵਸਥਾ ਬਣਦੀ ਹੈ ਉਸ ਨੂੰ ਗੁਰੂ ਸਾਹਿਬ ਜੀ ਇਉਂ ਦਰਸਾਉਂਦੇ ਹਨ-

ਰਸ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ,
ਕਿਤੁ ਬਿਧਿ ਮਿਲੈ ਰਸੁ ਖਾਇ।।
ਜਾਇ ਪੁਛਹੁ ਸੋਹਾਗਣੀ,
ਤੁਸਾਂ ਕਿਉ ਕਰਿ ਮਿਲਿਆ ਪ੍ਰਭੁ ਆਇ।।
ਓਇ ਵੇਪਰਵਾਹ ਨ ਬੋਲਨੀ,
ਹਉ ਮਲਿ ਮਲਿ ਧੋਵਾ ਤਿਨ ਪਾਇ।।
(ਸਿਰੀ ਰਾਗ ਮ: ੪, ਪੰਨਾ ੪੧)

ਉਹ ਰਾਮ-ਪਦਾਰਥ ਨੂੰ ਪਾ ਕੇ ਗੰਢ ਨਹੀਂ ਖੋਲ੍ਹਦੇ, ਭਗਤ ਕਬੀਰ ਜੀ ਇਸ ਪ੍ਰਥਾਇ ਲਿਖਦੇ ਹਨ-

ਰਾਮ ਪਦਾਰਥੁ ਪਾਇ ਕੈ,
ਕਬੀਰਾ ਗਾਂਠਿ ਨ ਖੋਲ।।
ਨਹੀ ਪਟਣੁ ਨਹੀ ਪਾਰਖੂ
ਨਹੀ ਗਾਹਕ ਨਹੀ ਮੋਲੁ।।

ਜਿਨ੍ਹਾਂ ਇਹ ਚਾਖੀ ਸੋਈ ਜਾਣਦੇ ਹਨ, ਜਿਨ੍ਹਾਂ ਨਾਮ ਅਮੋਲਾ ਪੀਤਾ ਹੈ ਸੋ ਤ੍ਰਿਪਤਾਸੇ ਹਨ। ਹਰੀ ਖੰਡ ਹੈ, ਮਾਇਆ ਰੇਤ ਹੈ। ਸਥੂਲ ਬੁੱਧੀ, ਜੋ ਹਾਥੀ ਜਿਹੀ ਸਥੂਲ ਹੈ, ਹਰੀ-ਖੰਡ ਨੂੰ ਮਾਇਆ ਰੇਤ ਵਿਚੋਂ ਚੁਣ ਨਹੀਂ ਸਕਦੀ, ਪਰ ਉੱਚ ਅਵਸਥਾ ਵਿੱਚ ਪੁਜ ਕੇ ਬੁੱਧ ਉਜਲ ਹੋ ਗਈ, ਚੀਟੀ ਵਾਂਗ ਸੂਖਮ ਅਕਾਰ ਬਣ ਗਈ। ਉਦੋਂ ਰੇਤ ਵਿਚੋਂ ਖੰਡ ਚੁਣ ਲਈ, ਮਾਇਆ ਜਗਤ ਪਸਾਰੇ ਵਿਚੋਂ ਹੀ ਪਾਰਬ੍ਰਹਮ ਲਭ ਲਿਆ। ਪਰ ਜਦੋਂ ਗੁਰੂ ਨੇ ਭਲੀ ਪ੍ਰਕਾਰ ਬੁਝਾ ਦਿਤਾ ਤਦੋਂ ਹੀ ਇਹ ਬਣ ਆਉਂਦਾ ਹੈ।

ਸੋ ਗੁਰੂ ਦੇ ਪਿਆਰਿਆਂ ਨੇ, ਗੁਰਮੁਖ ਅਤੀਤ ਪੰਥ ਵਾਲਿਆਂ ਨੇ, ਗੁਰਮਤਿ ਗਾਡੀ ਰਾਹ ਉਤੇ ਚਲਣ ਵਾਲਿਆਂ ਨੇ ਮਾਇਆ ਤੋਂ ਸੇਵਾ ਲੈਣੀ ਹੈ, ਇਸ ਨੂੰ ਸਰਬ ਸਾਂਝੇ ਗੁਰੂ ਕੇ ਲੰਗਰ ਵਿੱਚ ਧੱਕ ਛਡਣਾ ਹੈ। ਇਉਂ ਇਹ ਭੁਖਿਆਂ ਅਤਿਥੀਆਂ ਦਾ ਆਹਾਰ ਬਣੇਗੀ।

ਗੁਰਮੁਖ ਪੰਥ ਅਤੀਤ ਇਸੇ ਲਈ ਹੈ ਕਿ ਉਹ ਮਾਇਆ ਵਿਚ ਉਦਾਸ ਰਹਿੰਦੇ ਹਨ, ਮਾਇਆ ਨੂੰ ਚੇਰੀ ਸਮਝਦੇ ਹਨ, ਦਾਸੀ ਬਣਾ ਕੇ ਰਖਦੇ ਹਨ। ਗੁਰਮੁਖ ਗਾਡੀ ਰਾਹ ਤੇ ਪੈਣ ਵਾਲੇ ਗੁਰੂ ਦੇ ਪਿਆਰੇ ਮਾਇਆ ਦਾ ਤਿਆਗ ਵੀ ਨਹੀਂ ਕਰਦੇ, ਪੱਲੇ ਵੀ ਨਹੀਂ ਭਰਦੇ। ਇਸ ਗਾਡੀ ਰਾਹ ਦੇ ਪੰਧਾਊ ਅੰਜਨ ਵਿਚ ਨਿਰੰਜਨ ਰਹਿੰਦੇ ਹਨ। ਮਾਇਆ ਵਿਚ ਰਹਿੰਦੇ ਹੋਏ ਮਾਇਆ ਦੀ ਮੈਲ ਮਨਾਂ ਨੂੰ ਲਗਣ ਨਹੀਂ ਦਿੰਦੇ। ਪਾਰਬ੍ਰਹਮ ਨੂੰ ਧੰਦੇ ਧਾਂਵਦਿਆਂ ਹੋਇਆਂ ਵੀ ਸ਼ਬਦ ਦੀ ਜੁਗਤਿ ਨਾਲ ਭਾਲ ਲੈਂਦੇ ਹਨ।

ਸਾਹਿਬ ਨੇ ਲਿਵ ਤੇ ਧਾਤ ਦੋ ਰਾਹ ਚਲਾਏ ਹਨ। ਨਿਰੋਲ ਧਾਤ ਦੇ ਰਾਹ ਪੈ ਜਾਣ ਵਾਲਾ ਜੀਵ ਕੁਰਾਹੇ ਪੈ ਜਾਂਦਾ ਹੈ ਅਤੇ ਸਭ ਕੁਝ ਗੁਆ ਲੈਂਦਾ ਹੈ। ਪਰ ਲਿਵ ਦਾ ਮਾਰਗ ਅਖ਼ਤਿਆਰ ਕਰਨ ਵਾਲਾ ਚਰਨ ਕਮਲ ਕੀ ਮਉਜ ਵਿਚ ਵਿਗਸਦਾ ਹੋਇਆ ਅਸਲ ਮੰਜ਼ਲ ਤੇ ਆਪ-ਮੁਹਾਰੇ ਅਪੜ ਜਾਵੇਗਾ। ਉਹ ਬ੍ਰਹਮ ਗਿਆਨੀ ਹੋ ਨਿਬੜੇਗਾ। ਜਿਸ ਨੂੰ ਮਾਨ ਅਪਮਾਨ ਦੀ ਸੂਝ ਨਾ ਰਹੇਗੀ, ਜੋ ਹਰਖ ਸੋਗ ਤੋਂ ਅਤੀਤ ਹੋ ਜਾਵੇਗਾ। ਸੋਨਾ ਮਿੱਟੀ ਉਸ ਨੂੰ ਇਕ ਬਰਾਬਰ ਭਾਸਣਗੇ। ਸਭ ਵਿੱਥਾਂ ਮਿੱਟ ਜਾਣਗੀਆਂ।



www.AKJ.Org

# ਗੁਰੂ ਗ੍ਰੰਥ ਤੇ ਪੰਥ

## (ਦਾਰਸ਼ਨਿਕ ਤੇ ਅਧਿਆਤਮਕ ਪੱਖ ਤੇ ਵਿਚਾਰ)

(ਵੱਲੋਂ : ਡਾ: ਤ੍ਰਿਲੋਚਨ ਸਿੰਘ ਜੀ)

ਭਾਰਤ ਦੀ ਪਰੰਪਰਾ ਤੇ ਦਾਰਸ਼ਨਿਕ ਗ੍ਰੰਥਾਂ ਵਿਚ ਇਹ ਤਿੰਨ ਲਫਜ਼ *'ਗੁਰੂ'*, *'ਗ੍ਰੰਥ'* ਅਤੇ ਪੰਥ ਭਿੰਨ ਭਿੰਨ ਅਰਥਾਂ ਵਿਚ ਸਦੀਆਂ ਤੋਂ ਵਰਤੇ ਜਾਂਦੇ ਹਨ। ਸਿਖ ਇਤਿਹਾਸ ਵਿਚ ਪ੍ਰਵੇਸ਼ ਕਰਦਿਆਂ ਇਨ੍ਹਾਂ ਲਫ਼ਜ਼ਾਂ ਦੇ ਅੰਤ੍ਰੀਵ ਭਾਵ ਗੁਰਮੱਤ ਫਿਲਾਸਫੀ ਤੇ ਅਧਿਆਤਮਕ ਸਿਧਾਂਤਾਂ ਦੀ ਕੁਠਾਲੀ ਵਿਚ ਢਲ ਕੇ ਨਵਾਂ ਸਿਧਾਂਤਕ ਰੂਪ ਧਾਰਨ ਕਰਨ ਲੱਗ ਪਏ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੀ ਵਿਆਖਿਆ ਪ੍ਰਾਚੀਨ ਅਰਥਾਂ ਵਿਚ ਵੀ ਪਾਈ ਜਾਂਦੀ ਹੈ, ਪਰ ਉਹ ਕੇਵਲ ਗੁਰਮਤ ਦੇ ਸਿਧਾਂਤਾਂ ਨੂੰ ਨਿਖਾਰਨ ਲਈ ਕੀਤੀ ਗਈ ਹੈ। ਅਜ ਤੋਂ ਇਕ ਸਦੀ ਪਹਿਲਾਂ ਭਾਵੇਂ ਸੰਪਰਦਾਈ ਗੁਰੂ ਤੇ ਨਕਲੀ ਪੰਥ ਉਠਦੇ ਰਹੇ ਅਤੇ ਤਨਕ ਮਾਤਰ ਚਰਚਾ ਕਰਵਾ ਕੇ ਅਲੋਪ ਹੁੰਦੇ ਰਹੇ, ਪਰ ਸਿਖ ਪੰਥ ਵਿਚ ਇਨ੍ਹਾਂ ਲਫ਼ਜ਼ਾਂ ਦੇ ਅਰਥਾਂ ਬਾਰੇ ਦੋ ਰਾਵਾਂ ਨਹੀਂ ਸਨ। ਪਰ ਇਕ ਪਾਸੇ ਗੁਰਮੱਤ ਦੇ ਤੱਤ ਸਿਧਾਂਤਾਂ ਤੋਂ ਦੂਰ ਜਾ ਰਹੇ ਸਾਧਾਂ ਸੰਤਾਂ ਨੇ ਤੇ ਦੂਸਰੇ ਪਾਸੇ ਸਿਖ ਸਰੂਪ ਵਾਲੇ ਕਮਿਊਨਿਸਟ ਬੁਧੀਵਾਨਾਂ ਨੇ ਕਈ ਭੁਲੇਖਿਆਂ ਦੇ ਜਾਲ ਵਿਛਾ ਦਿਤੇ ਹਨ।

### ਗੁਰੂ ਦੇ ਤਿੰਨ ਰੂਪ

ਲਫਜ਼ *'ਗੁਰੂ'* ਦੇ ਹਿੰਦੂ ਧਰਮ ਸ਼ਾਸਤ੍ਰਾਂ ਤੇ ਅੱਜ ਕੱਲ੍ਹ ਵੀ ਹਿੰਦੂ ਸਮਾਜ ਵਿਚ ਅਨੇਕਾਂ ਅਰਥ ਹਨ, ਜਿਵੇਂ ਵਡਾ, ਬਜ਼ੁਰਗ, ਪਿਤਾ, ਜਨੇਊ ਪਾਣ ਵਾਲਾ ਬ੍ਰਾਹਮਣ, ਰਸਮਾਂ ਅਦਾ ਕਰਨ ਵਾਲਾ ਪ੍ਰੋਹਿਤ, ਕੋਈ ਮੰਤ੍ਰ ਦੇਣ ਵਾਲਾ। ਯੂ. ਪੀ. ਹਿਮਾਚਲ, ਬਿਹਾਰ ਆਦਿ ਪ੍ਰਾਂਤਾਂ ਵਿਚ ਵੀ ਵਿਦਿਆਰਥੀ ਪ੍ਰਾਇਮਰੀ ਸਕੂਲ ਦੇ ਮਾਸਟਰ ਨੂੰ ਗੁਰੂ ਜੀ ਕਹਿ ਕੇ ਬੁਲਾਉਂਦੇ ਹਨ। ਪਰ ਸਿਖ ਪੰਥ ਵਿਚ ਇਸ ਦੀ ਬੇਲਗਾਮ ਵਰਤੋਂ ਦਾ ਵਿਧਾਨ ਨਹੀਂ। ਗੁਰਮੱਤ ਵਿਚ ਇਸ ਦੇ ਅਰਥ ਇਸ ਲਫਜ਼ ਦੀ ਭਾਵ-ਮੂਲਕ ਵਿਉਤਪਤੀ ਦੇ ਅਨੁਕੂਲ ਹਨ। *'ਗੁ'* ਦੇ ਅਰਥ ਹਨ: ਸਿਧੀ ਤੇ ਸ਼ਕਤੀ-ਦਾਤਾ। *'ਰੂ'* ਦੇ ਅਰਥ ਹਨ : ਪਾਪ ਨਾਸਕ, ਆਤਮਾ ਨੂੰ ਬ੍ਰਹਮ ਗਿਆਨ ਦੇਣ ਵਾਲਾ। ਇਸ ਵਿਉਤਪਤੀ ਅਨੁਸਾਰ ਗੁਰੂ ਦੇ ਅਰਥ ਹੋਏ, *"ਅੰਤ੍ਰੀਵ ਸਿਧੀ ਤੇ ਸ਼ਕਤੀ ਰਾਹੀਂ ਬ੍ਰਹਮ ਗਿਆਨ ਦਾ ਪ੍ਰਕਾਸ਼ ਕਰਨ ਵਾਲਾ"*। ਭਾਈ ਗੁਰਦਾਸ ਜੀ ਨੇ ਵੀ ਇਕ ਸੰਸਕ੍ਰਿਤ ਛੰਦ ਵਿਚ *'ਗੁ'* ਦੀ ਵਿਆਖਿਆ ਕੀਤੀ ਹੈ, ਗਿਆਨ ਦਾ ਸੂਰਜ ਬਾਣੀ ਦਾ ਪਤੀ ਇੰਦ੍ਰਿਆਂ ਤੋਂ ਅਤੀਤ। *'ਰੂ'* ਦੀ ਵਿਆਖਿਆ ਕੀਤੀ ਹੈ ਸਰਬ ਵਿਆਪਕ ਤੇ ਸਭ ਮਰਯਾਦਾ ਤੇ ਸ਼ਕਤੀ ਸੰਪੰਨ। ਗੁਰੂ ਗ੍ਰੰਥ ਸਾਹਿਬ ਵਿਚ ਇਹ ਗੱਲ ਸਪਸ਼ਟ ਕੀਤੀ ਗਈ ਹੈ ਕਿ ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਆਪਣੇ ਨਾਲ ਅਭੇਦ ਕਰਕੇ, ਉਨ੍ਹਾਂ ਵਿਚ ਆਪਣੀ ਜੋਤਿ ਕਲਾ ਰਖ ਕੇ, ਤੇ ਉਨ੍ਹਾਂ ਨੂੰ ਪੂਰਨ ਪੈਗੰਬਰ ਦੇ ਅਧਿਕਾਰ ਦੇ ਕੇ ਜਗਤ ਗੁਰੂ ਥਾਪਿਆ :

"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥"

(ਸਵ: ਮ: ੩, ਕੀਰਤ ਭੱਟ, ੧੯, ਪੰਨਾ ੧੩੯੫)

"ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ ॥"

(ਸਵ : ਮ: ੫, ਪੰਨਾ ੧੪੦੮)

"ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ ॥"

(ਸੋਰਠ ਮ: ੧, ਪੰਨਾ ੫੯੯)

ਇਹ ਪੂਰਨ ਗਿਆਨ ਜੋਤਿ ਅਕਾਲ ਪੁਰਖ ਤੋਂ ਗੁਰੂ ਨਾਨਕ ਨੇ ਪ੍ਰਾਪਤ ਕੀਤੀ, ਅਤੇ ਸੰਸਾਰ ਵਿਚ ਇਸ ਨੂੰ ਅਮਰ ਤੇ ਅਟੱਲ ਰੂਪ ਦਿਤਾ। ਅਭਿਲਾਖੀ ਤੇ ਖੋਜੀ ਇਸ ਨੂੰ ਪ੍ਰਾਪਤ ਕਰਦੇ ਹਨ, ਤੇ ਅਗਿਆਨੀ ਪਰ ਹੰਕਾਰੀ ਪੁਰਸ਼ ਆਪਣੀ ਤ੍ਰਿਸ਼ਨਾ ਤੇ ਅਕਲ ਦੇ ਅੰਧਕਾਰ ਵਿਚ ਭਟਕਦੇ ਫਿਰਦੇ ਰਹਿੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਅੱਜ ਤੱਕ ਇਹ ਗੁਰ-ਗਿਆਨ-ਜੋਤਿ ਅਧਿਕਾਰੀਆਂ ਤੇ ਸੱਚੇ ਸਿਦਕੀ ਖੋਜੀਆਂ ਨੂੰ ਤਿੰਨਾਂ ਰੂਪਾ ਵਿਚ ਪ੍ਰਾਪਤ ਹੁੰਦੀ ਰਹੀ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਇੰਨ੍ਹਾਂ ਤਿੰਨਾਂ ਰੂਪਾਂ ਨੂੰ ਸਮਝੇ ਬਗੈਰ ਗੁਰਮੱਤ ਦਾ ਕੋਈ ਸਿਧਾਂਤ ਨਹੀਂ ਸਮਝ ਆ ਸਕਦਾ।

ਭਾਈ ਨੰਦ ਲਾਲ ਜੀ ਦੀਆਂ ਸਿੱਖ ਰਹਿਤ ਬਾਰੇ ਦੋ ਲਿਖਤਾਂ ਹਨ ਇਕ ਹੈ ਗੁਰਮੁਖ ਸਿਖਾਂ ਦਾ ਰਹਿਤਨਾਮਾ ਜੋ ਖਾਲਸਾ ਸਾਜਣ ਤੋਂ ਤਿੰਨ ਚਾਰ ਸਾਲ ਪਹਿਲਾਂ ਲਿਖਿਆ ਗਿਆ। ਦੂਸਰਾ ਹੈ ਨਸੀਹਤਨਾਮਾ ਜਿਸ ਵਿਚ ਖਾਲਸੇ ਦਾ ਸਰੂਪ ਤੇ ਖਾਲਸੇ ਦੀ ਰਹਿਣੀ ਦਾ ਵੇਰਵਾ ਹੈ। ਰਹਿਤਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮੁਖ ਵਾਕ ਵਚਨ ਹਨ। ਗੁਰੂ ਜੀ ਕਹਿੰਦੇ ਹਨ ਕਿ *"ਸਿਖ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰੇ, ਨਾਮ ਜਪੇ, ਬਾਣੀ ਪੜ੍ਹੇ ਤੇ ਨਿਤ ਗੁਰੂ ਦੇ ਦਰਸ਼ਨ ਕਰੇ।"* ਭਾਈ ਨੰਦ ਲਾਲ ਸਿੰਘ ਦੇ ਦਿਲ ਵਿਚ ਕੁਦਰਤੀ ਪ੍ਰਸ਼ਨ ਉਠਿਆ ਕਿ ਜਿਹੜੇ ਅਨੰਦਪੁਰ ਗੁਰੂ ਦਰਬਾਰ ਤੋਂ ਦੂਰ ਰਹਿੰਦੇ ਹਨ, ਉਹ ਗੁਰੂ ਸਾਹਿਬਾਨ



www.AKJ.Org

ਦੇ ਦਰਸ਼ਨ ਕਿਵੇਂ ਕਰਨ। ਉਨ੍ਹਾਂ ਨੇ ਪ੍ਰਸ਼ਨ ਕੀਤਾ -

"ਤੁਮ ਜੁ ਕਹਾ ਗੁਰਦੇਵ ਜੀ
ਦਰਸ਼ਨ ਕਰ ਮੋਹਿ ਆਇ।
ਲਖੀਏ ਤੁਮਰਾ ਦਰਸ ਕਹਾ ਕਹੋ ਮੋਹਿ ਸਮਝਾਇ।"

ਗੁਰੂ ਗੋਬਿੰਦ ਸਿੰਘ ਜੀ ਨੇ ਉੱਤਰ ਦਿਤਾ :

"ਤੀਨ ਰੂਪ ਹੈ ਮੋਹਿ ਕੇ ਸੁਣਹੁ ਨੰਦ ਚਿਤ ਲਾਇ।
ਨਿਰਗੁਣ ਸਰਗੁਣ ਗੁਰਸ਼ਬਦ ਕਹੋ ਤੋਹਿ ਸਮਝਾਇ।"

੧. ਨਿਰਗੁਣ ਰੂਪ -

ਗੁਰੂ ਸਾਹਿਬ ਜੀ ਜੋਤਿ ਸਰੂਪ ਨਿਰੰਕਾਰ ਨਾਲ ਸਦਾ ਅਭੇਦ, ਉਨ੍ਹਾਂ ਦੀ ਦਿਬਯ ਸ਼ਖਸੀਅਤ ਗੁਰੂ ਦਾ ਨਿਰਗੁਣ ਸਰੂਪ ਹੈ। ਅਨੁਭਵੀ ਸਿਖਾਂ ਨੂੰ ਉਦੋਂ ਵੀ ਇਸ ਪੂਰਨ ਜੋਤਿ ਸਰੂਪ ਸ਼ਖਸੀਅਤ ਦੇ ਪ੍ਰੱਤਖ ਸਰੂਪ ਦਾ ਵਰਣਨ ਭਾਈ ਗੁਰਦਾਸ ਤੇ ਭਾਈ ਨੰਦ ਲਾਲ (ਸਿੰਘ) ਦੀ ਬਾਣੀ ਵਿਚ ਮਿਲਦਾ ਹੈ। ਭਾਈ ਗੁਰਦਾਸ ਕਿਤੇ ਵੀ ਗੁਰੂ ਸਾਹਿਬ ਦੇ ਸਰੀਰ ਦੇ ਚਕ੍ਰ ਚਿਹਨ ਵਰਣਨ ਨਹੀਂ ਕਰਦੇ। ਹਰ ਥਾਂ ਇਸੇ ਨਿਰਗੁਣ ਸਰੂਪ ਦੇ ਦਰਸ਼ਨਾਂ ਦਾ ਅੱਖੀਂ ਡਿਠਾ, ਤੇ ਅਨੁਭਵ ਵਿਚ ਪ੍ਰਤੀਤ ਕੀਤਾ ਨਿਰਗੁਣ ਰੂਪ ਚਿਤ੍ਰਦੇ ਹਨ :

"ਦਰਸਨ ਜੋਤਿ ਕੋ ਉਦੋਤ ਅਸਚਰਜ ਮੈਂ,
ਤਾਂ ਮੈਂ ਤਿਲ ਛਬਿ ਪਰਮਦਭੁਤ ਛਕਿ ਹੈ।
ਦੇਖਬੇ ਕੌ ਦ੍ਰਿਸ਼ਟਿ ਨ ਸੁਨਬੇ ਕੋ ਸੁਰਤਿ ਹੈ,
ਕਹਿਬੇ ਕੌ ਜਿਹਵਾ ਨ ਗਿਆਨ ਮੈਂ ਉਕਤਿ ਹੈ।
ਸੋਭਾ ਕੋਟਿ ਸੋਭ ਲੋਭ, ਲੁਭਿਤ ਹੈ ਲੋਟ ਪੋਟ,
ਜਗਮਗ ਜੋਤਿ ਕੋਟਿ ਓਟ ਲੈ ਛਿਪਤ ਹੈ।
ਅੰਗ ਅੰਗ ਪੇਖ ਮਨ ਮਨਸਾ ਥਕਤ ਭਈ,
ਨੇਤਿ ਨੇਤਿ ਨਮੋ ਨਮੋ ਅਤਿ ਹੂੰ ਤੇ ਅਤਿ ਹੈ ।੧੪੦।।

੨. ਸਰਗੁਣ ਸਰੂਪ

ਗੁਰੂ ਕਾਲ ਵਿਚ ਗੁਰੂ ਸਾਹਿਬ ਦੇ ਦੋ ਸਰਗੁਣ ਰੂਪ ਸਨ। ਇਕ ਗੁਰੂ ਸਾਹਿਬਾਂ ਦੀ ਦੇਹ ਜਿਸ ਵਿਚ ਨਿਰੰਕਾਰ ਦੀ ਪੂਰਨ ਜੋਤਿ ਜਗਦੀ ਸੀ, ਦੂਸਰੇ ਸਾਧ ਸੰਗਤ ਜਿਸ ਵਿਚ ਗੁਰਮੁਖ ਸਿਖ ਹੋਣ।

੩. ਗੁਰ ਸ਼ਬਦ-

ਗੁਰੂ ਦਾ ਤੱਤ-ਸਰੂਪ ਸਿੱਖ ਨੂੰ ਸ਼ਬਦ ਰਾਹੀਂ ਹੀ ਸੰਬੰਧਤ ਹੁੰਦਾ ਹੈ। ਗੁਰੂ ਤੇ ਸਿੱਖ ਦੀ ਮਾਨਸਕ ਸੰਧੀ ਕੇਵਲ ਉਸ ਸਮੇਂ ਹੁੰਦੀ ਹੈ ਜਦ ਗੁਰੂ ਕਿਰਪਾ ਦੁਆਰਾ ਸ਼ਬਦ ਤੇ ਸਿੱਖ-ਸੁਰਤ ਦਾ ਲਿਵ-ਲੀਨਤਾ ਵਿਚ ਮੇਲ ਹੋਵੇ। ਕੋਈ ਸਿੱਖ ਗੁਰੂ ਦਾ ਸੱਚਾ ਦੇ ਸਿਦਕੀ ਸਿੱਖ ਹੀ ਉਸ ਸਮੇਂ ਤੱਕ ਨਹੀਂ ਬਣਦਾ ਜਦ ਤਕ ਇਹ ਆਤਮਕ ਮੇਲ ਨਾ ਹੋਵੇ।

ਸ਼ਬਦ-ਸੁਰਤ

ਇਉਂ ਗੁਰਮਤ ਦਾ ਕੇਂਦਰੀ ਸੋਮਾ ਸ਼ਬਦ ਸਿਧਾਂਤ ਹੈ। ਸ਼ਬਦ ਪਾਰਬ੍ਰਹਮ ਦੀ ਸਿਰਜਨ ਸ਼ਕਤੀ ਹੈ। ਸ਼ਬਦ ਪਰਮ-ਤੱਤ ਦਾ ਯਥਾਰਥ ਰੂਪ ਹੈ। ਸ਼ਬਦ ਉਨਮਨ ਅਨੁਭਵ ਤੇ ਰੱਬੀ ਗਿਆਨ ਦਾ ਸਰਚਸ਼ਮਾ ਹੈ। ਸ਼ਬਦ ਪਰਮਾਤਮਾ ਦੀ ਚੇਤਨ ਸ਼ਕਤੀ ਹੈ। ਸ਼ਬਦ ਸਚੇ ਨਿਰੰਕਾਰੀ ਗੁਰੂ ਦਾ ਵਾਕ ਰੂਪ ਸਚਾ ਸਰੂਪ ਹੈ। ਸ਼ਬਦ ਸਚੇ ਗੁਰੂ ਦਾ ਨਿਰਗੁਣ ਸਰੂਪ ਹੈ ਅਤੇ ਗੁਰੂ ਦੀ ਆਤਮਕ ਸ਼ਖਸੀਅਤ ਦਾ ਸਾਕਾਰ ਰੂਪ ਹੈ। ਕੋਈ ਸਿੱਖ ਜੇਕਰ ਕੇਵਲ ਬਾਹਰਲੇ ਸਿਖੀ ਸਰੂਪ ਕਰਕੇ ਸਿਖ ਹੈ, ਅੰਦਰੋਂ ਉਸਦਾ ਮਨ ਸ਼ਰਾਬ, ਅਯਾਸ਼ੀ ਤੇ ਘਟੀਆ ਆਚਰਨ ਦੀਆਂ ਗੱਲਾਂ ਵਿਚ ਭਟਕਦਾ ਹੈ ਤਾਂ ਸਮਾਜ ਉਸਨੂੰ ਜ਼ਰੂਰ ਸਿਖ ਮੰਨਦਾ ਹੈ ਪਰ ਗੁਰੂ ਦੀ ਦ੍ਰਿਸ਼ਟੀ ਵਿਚ ਉਹ ਜੋ ਹੈ ਉਸਦਾ ਅਨੁਮਾਨ ਗੁਰਬਾਣੀ ਦੇ ਗਿਆਤਾ ਲਾ ਸਕਦੇ ਹਨ। ਸੋ ਕਿਸੇ ਬਾਹਰੋਂ ਸ਼ੁੱਧ ਸਰੂਪ ਵਾਲੇ ਸਿਖ ਦੀ ਸੁਰਤ ਗੁਰੂ ਦੀ ਗੋਲਕ, ਜਾਂ ਕਮਿਉਨਿਸਟ ਸਿਧਾਂਤਾਂ ਵਿਚ ਉਲਝੀ ਹੋਏ ਹੋਵੇ ਤਾਂ ਉਹ ਗੁਰੂ ਸ਼ਬਦ ਤੋਂ ਟੁਟ ਕੇ ਗੁਰੂ ਤੋਂ ਟੁੱਟ ਗਈ ਹੈ। ਕਿਸੇ ਸਿੱਖ ਦੀ ਸ਼ਰਧਾ, ਭਗਤੀ ਭਾਵਨਾ ਗੁਰੂ ਲਈ, ਉਸਦੀ ਗੁਰਸਬਦ ਨਾਲ ਅੰਤ੍ਰੀਵ ਲਿਵ ਤੋਂ ਹੀ ਪਹਿਚਾਨੀ ਜਾਂਦੀ ਹੈ, ਗੁਰਸਿੱਖੀ ਹੈ ਹੀ *"ਸਿਖ-ਸੁਰਤ ਵਲੋਂ ਗੁਰਸ਼ਬਦ ਦੀ ਉਪਾਸ਼ਨਾ, ਸ਼ਬਦ ਦਾ ਸੁਣਨਾ, ਮੰਨਣਾ, ਗਾਵਣਾ ਤੇ ਨਿਧਿਆਸਨ।*

"ਸਬਦਿ ਮਹਿ ਸੁਰਤ, ਸੁਰਤ ਮਹਿ ਸਬਦ ਧੁਨ,
ਸਬਦ ਸੁਰਤ ਅਗਮਿਤਿ ਗੁਰ ਗਯਾਨ ਹੈ।
ਗਯਾਨ ਧਯਾਨ ਕਰਨੀ ਕੈ ਪ੍ਰਗਟਤ ਪ੍ਰੇਮ ਰਸ,
ਗੁਰਮਤ ਗਤਿ ਪ੍ਰੇਮ ਨੇਮ ਨਿਰਬਾਨ ਹੈ।।੪੫।।

ਜਿਹੜਾ ਸਵਾਲ ਭਾਈ ਨੰਦ ਲਾਲ (ਸਿੰਘ) ਜੀ ਨੇ ਗੁਰੂ ਗੋਬਿੰਦ ਸਿੰਘ ਤੋਂ ਪੁਛਿਆ, ਉਹੀਓ ਸਵਾਲ ਭਾਈ ਖੇੜੇ ਨੇ ਗੁਰੂ ਨਾਨਕ ਤੋਂ ਪੁਛਿਆ ਕਿ ਮਹਾਰਾਜ ਅਸੀਂ ਤੁਹਾਥੋਂ ਸਰੀਰਕ ਤੌਰ ਤੇ ਦੂਰ ਰਹਿੰਦੇ ਹੋਏ ਤੁਹਾਡੇ ਨਿਤ ਦਰਸ਼ਨ ਕਿਵੇਂ ਕਰੀਏ। ਗੁਰੂ ਸਾਹਿਬ ਨੇ ਉੱਤਰ ਦਿਤਾ : *"ਸਤਿਗੁਰਾਂ ਵਿਚ ਤੇ ਪਰਮੇਸ਼ਰ ਵਿਚ ਭੇਦ ਨਹੀਂ ਜਾਨਣਾ ਤੇ ਧਰਮ ਦੀ ਕਿਰਤ ਕਰਕੇ ਅਤਿਥੀ ਸਿੱਖਾਂ ਨਾਲ ਵੰਡ ਖਾਵਣਾ। ਤੁਸੀਂ ਸਦਾ ਮੇਰੇ ਚਰਨਾਂ ਦੀ ਸ਼ਰਨ ਹੋ। ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ, ਨਿਰਗੁਣ ਰੂਪ ਹੈ। ਜੋ ਸਰੀਰ ਨਾਲ ਮਿਲੋਗੇ, ਤਾਂ ਫਿਰ ਵਿਛੜੋਗੇ ਤੇ ਜੋ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਾਹੀ।"*



www.AKJ.Org

(ਭਾਈ ਮਨੀ ਸਿੰਘ, ਸਿਖਾਂ ਦੀ ਭਗਤਮਾਲ : ੩੪)

'ਸੁਰਤਿ ਸਬਦੁ ਧੁਨਿ ਅੰਤਰ ਜਾਗੀ।।
ਵਾਜੈ ਅਨਹਦੁ ਮੇਰਾ ਮਨੁ ਲੀਣਾ।।
ਗੁਰਬਚਨੀ ਸਚਿ ਨਾਮਿ ਪਤੀਣਾ।।੧।।

(ਰਾਮ : ਅਸ: ਮ: ੧, ਪੰਨਾ ੯੦੩)

'ਸਬਦ ਸੁਰਤਿ ਨੀਂਦ ਉਘੜੀ ਜਾਗਦਿਆਂ ਸੁਖ
ਰੈਣ ਵਿਹਾਣੀ।' (ਵਾਰ: ੨੯-੧੨)

ਗੁਰਸਿਖੀ ਦਾ ਸਿਖਣਾ ਸਬਦ ਸੁਰਤ ਸਭ ਸੰਗਤ ਸਿਖੇ।

(ਵਾਰ ੨੯-੧੨)

ਯੋਗੀਆਂ ਵਿਚ ਵੀ ਸ਼ਬਦ ਸੁਰਤ ਦੀ ਬੜੀ ਚਰਚਾ ਹੈ, ਕਿਉਂਕਿ ਯੋਗ-ਸਿਧਾਂਤ ਹੈ ਹੀ ਸੁਰਤ ਦੀ ਇਕਾਗਰਤਾ ਲਈ। ਪਰ ਇਸ ਨੂੰ ਮੋਹ ਨਿੰਦਰਾ ਤੋਂ ਜਗਾਉਣ ਲਈ, ਸੰਸਾਰ ਨੂੰ ਭੁਲਣ ਲਈ ਉਹ ਪੰਜ *ਸ਼ੈ*'ਦਾ ਆਸਰਾ ਲੈਂਦੇ ਹਨ : ਮੱਦ (ਸ਼ਰਾਬ), ਮਛੀ, ਮਾਸ, ਮੈਥੁਨ (ਕਾਮ-ਭੋਗ) ਤੇ ਮੁਦਰਾ (ਯੋਗ ਆਸਨ ਦੀਆਂ ਵਿਧੀਆਂ)। ਸਿਖਾਂ ਨੂੰ ਗੁਰੂ ਸਾਹਿਬ ਨੇ ਇਹ '*ਮੱਮੇ*' ਛੁੜਾ ਕੇ ਪੰਜ '*ਕੱਕੇ*' ਦਿਤੇ ਸਨ, ਪਰ ਸਿਖ ਕੱਕੇ ਛਡੀ ਜਾਂਦੇ ਹਨ ਤੇ ਇਨ੍ਹਾਂ ਤਾਂਤ੍ਰਿਕ ਤੇ ਹਠਯੋਗੀਆਂ ਦੇ '*ਮੱਮੇ*' ਪਕੜੀ ਜਾਂਦੇ ਹਨ। ਜਾਪਦਾ ਹੈ '*ਗੁਰੂ*' ਕੇ ਸਿਖ ਬਣਨ ਦੀ ਬਜਾਏ ਉਨ੍ਹਾਂ ਵਿਚ ਯੋਗੀ ਬਣਨ ਦੀ ਤੇ ਯੋਗੀ ਅਖਵਾਣ ਦੀ ਤ੍ਰਿਸ਼ਨਾ ਪ੍ਰਬਲ ਹੋ ਗਈ ਹੈ।

ਪ੍ਰਸ਼ਨ ਉਠਦਾ ਹੈ ਕਿ ਗੁਰ-ਸ਼ਬਦ ਵਿਚੋਂ ਇਤਨਾ ਅਪਾਰ ਤੇ ਗਹਿਰ ਗੰਭੀਰ ਅਨੁਭਵ ਕਿਵੇਂ ਉਘੜ ਆਉਂਦਾ ਹੈ। ਇਸ ਦਾ ਉਤਰ ਭਾਈ ਗੁਰਦਾਸ ਜੀ ਦਿੰਦੇ ਹਨ :

"ਕਾਸਟ ਮੈਂ ਅਗਨਿ ਅਰ ਅਗਨਿ ਮੈ ਕਾਸ਼ਟ ਜੈਸੇ
ਅਤਿ ਅਸਚਰਜ ਕੌਤਕ ਕਹਾਵੈ ਜੀ।
ਸਤਿਗੁਰ ਮਹਿ ਸ਼ਬਦ ਸ਼ਬਦ ਮਹਿ ਸਤਿਗੁਰ ਹੈ
ਨਿਰਗੁਣ ਸਰਗੁਨ ਗਯਾਨ ਧਯਾਨ ਸਮਝਾਵੈ ਜੀ।

ਗੁਰੂ ਰਾਮ ਦਾਸ ਜੀ ਇਸ ਨੂੰ ਵਧੇਰੇ ਸਪਸ਼ਟ ਕਰਦੇ ਹਨ :

ਕਾਸਟ ਮਹਿ ਜਿਉ ਹੈ ਬੈਸੰਤਰੁ
ਮਥਿ ਸੰਜਮਿ ਕਾਢਿ ਕਢੀਜੈ।।
ਰਾਮਨਾਮੁ ਹੈ ਜੋਤਿ ਸਬਾਈ ਤਤੁ
ਗੁਰਮਤਿ ਕਾਢਿ ਲਈਜੈ।।੧।।

(ਕਲਿਆਨ, ਅਸ: ਮ, ੪, ੧੩੨੩)

ਜਿਵੇਂ ਲਕੜੀ ਵਿਚੋਂ ਜੁਗਤ ਨਾਲ ਅੱਗ ਕੱਢੀ ਜਾ ਸਕਦੀ ਹੈ ਤਿਵੇਂ ਹੀ ਗੁਰਸਬਦ ਵਿਚੋਂ ਸਾਧਨਾ ਤੇ ਨਾਮ ਅਭਿਆਸ ਨਾਲ ਜੋਤਿ ਹਿਰਦੇ ਵਿਚ ਪ੍ਰਗਟ ਹੁੰਦੀ ਹੈ।

ਇਉਂ ਗੁਰੂ ਨਾਨਕ ਦੇ ਸਮੇਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਗੁਰਸ਼ਬਦ, ਗੁਰਬਾਣੀ ਤੇ ਸਾਧ ਸੰਗਤ ਨੂੰ ਗੁਰੂ ਸਾਹਿਬ ਨੇ ਆਪਣਾ ਸਾਖਿਅਤ ਆਤਮਕ ਸਰੂਪ ਨਿਸਚਿਤ ਕੀਤਾ। "*ਬਾਣੀ ਗੁਰੂ ਗੁਰੂ ਹੈ ਬਾਣੀ*" ਦਾ ਸਿਧਾਂਤ ਆਦਿ ਕਾਲ ਤੋਂ ਅਟਲ ਰਿਹਾ ਹੈ, "*ਪੋਥੀ ਪਰਮੇਸਰ ਕਾ ਥਾਨ*" ਬਣਿਆ। ਗ੍ਰੰਥ ਜੀ ਦੀ ਹਜ਼ੂਰੀ, ਗੁਰੂ ਸਾਹਿਬ ਕਦੀ ਵੀ ਗਦੀ ਲਾ ਕੇ ਜਾਂ ਉਚੇ ਅਸਥਾਨ ਤੇ ਨਹੀਂ ਬੈਠਦੇ ਸਨ। ਜੋਤੀ ਜੋਤ ਸਮਾਣ ਤੋਂ ੧੩ ਸਾਲ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਭਾ: ਨੰਦ ਲਾਲ ਸਿੰਘ ਨੂੰ ਵਚਨ ਕੀਤਾ :

ਜੋ ਮਮ ਸਾਥ ਚਾਹੇ ਕਰ ਬਾਤ।
ਗ੍ਰੰਥ ਜੀ ਪੜ੍ਹੇ ਸੁਣੇ ਬਿਚਾਰੇ ਸਾਥ।।
ਜੋ ਮੁਝ ਬਚਨ ਸੁਣਨ ਕੀ ਚਾਇ।
ਗ੍ਰੰਥ ਜੀ ਪੜੇ ਸੁਣੇ ਚਿਤ ਲਾਇ।
ਮੇਰਾ ਰੂਪ ਗ੍ਰੰਥ ਜੀ ਜਾਣ।
ਇਸ ਮੈ ਭੇਦ ਨਹੀਂ ਕੁਝ ਮਾਨ।

(ਰਹਿਤਨਾਮਾ ਭਾਈ ਨੰਦ ਲਾਲ)

## ਨਿਰਮਲ ਪੰਥ ਤੇ ਖਾਲਸਾ ਪੰਥ

ਅਜ ਕਲ੍ਹ ਲਫ਼ਜ਼ "*ਪੰਥ*" ਤੇ "*ਪੰਥਕ*" ਦੀ ਜਿਤਨੀ ਦੁਰਵਰਤੋਂ ਚਾਰ ਚੁਫੇਰੇ ਹੋ ਰਹੀ ਹੈ ਉਤਨੀ ਸ਼ਾਇਦ ਗੁਰੂ ਪਦ ਦੀ ਨਹੀਂ ਹੋ ਰਹੀ।ਸਿਖ ਸਿਆਸਤ ਦੇ ਖੇਤਰ ਵਿਚ 'ਪੰਥ' ਇਕ ਪਾਰਟੀ ਆਪਣੇ ਆਪ ਨੂੰ ਸਮਝਣ ਲਗ ਪਈ ਹੈ, ਅਤੇ '*ਪੰਥਕ ਲੀਡਰ*' ਸ਼ਬਦ ਦੇ ਇਰਦ ਗਿਰਦ ਇਤਨੀ ਸ਼ਖਸੀਅਤ-ਪ੍ਰਸਤੀ ਉਸਾਰੀ ਗਈ ਹੈ ਜਿਤਨੀ ਗੁਰੂਡੰਮ ਵਿਚ ਪਾਈ ਜਾਂਦੀ ਹੈ, ਅਤੇ ਕਈ ਲੀਡਰਾਂ ਨੇ ਆਪਣੇ ਆਪ ਨੂੰ ਸਿੱਖਾਂ ਦਾ ਪੋਪ ਅਖਵਾਣੇਂ ਵੀ ਸੰਕੋਚ ਨਹੀਂ ਕੀਤਾ।

ਗੁਰਬਾਣੀ ਵਿਚ ਤਿੰਨ ਸ਼ਬਦ ਆਏ ਹਨ : ਧਰਮ, ਮਾਰਗ ਤੇ ਪੰਥ। ਹਿੰਦੂ ਧਰਮ ਵਿਚ ਸ਼ੂਦਰਾਂ ਦਾ ਧਰਮ ਹੈ, ਵੈਸ਼ਾਂ ਦਾ ਧਰਮ ਹੈ, ਪਰ ਉਨ੍ਹਾਂ ਦਾ ਵਖਰਾ ਜੀਵਨ-ਮਾਰਗ ਜਿਸ ਉਤੇ ਉਨ੍ਹਾਂ ਨੇ ਚਲਣਾ ਹੈ ਕੋਈ ਖ਼ਾਸ ਨਹੀਂ। ਇਵੇਂ ਹੀ ਕਈ ਵੈਸ਼ਨਵ ਤੇ ਸ਼ੈਵ ਸੰਪਰਦਾਵਾਂ ਦਾ ਧਰਮ ਹੈ, ਮਾਰਗ ਵੀ ਹੈ, ਪਰ ਕੋਈ ਪੰਥ ਨਹੀਂ। ਕਈ ਇਸਲਾਮ ਦੀਆਂ ਸੰਪਰਦਾਵਾਂ ਹਨ, ਜਿਨ੍ਹਾਂ ਦਾ ਧਰਮ ਇਸਲਾਮ ਹੈ, ਪਰ ਮਾਰਗ ਸ਼ੀਆਂ ਤੇ ਸੁਨੀਆਂ ਦਾ ਵੱਖਰਾ ਹੈ। ਹਰ ਸੂਫ਼ੀ ਸੰਪਰਦਾ ਦਾ ਵੀ ਮਾਰਗ, ਜਿਸ ਨੂੰ ਉਹ '*ਤਰੀਕਾ*' ਕਹਿੰਦੇ ਹਨ, ਵਖਰਾ ਹੈ। ਐਸੇ ਮੁਸਲਮਾਨ ਮਿਲਦੇ ਹਨ ਜਿਨ੍ਹਾਂ ਦਾ ਧਰਮ ਇਕ ਹੈ,


www.AKJ.Org

ਪਰ ਪੀਰ ਵਖਰੇ ਵਖਰੇ ਹਨ ਧਰਮ ਗਰੰਥਾਂ ਵਿਚ ਵਿਸ਼ਵਾਸ ਰਖਦੇ ਹਨ। ਗੁਰੂ ਨਾਨਕ ਜੀ ਨੇ ਸਿਖ ਧਰਮ ਨੂੰ ਇਕ ਇਸ਼ਟ, ਇਕ ਧਰਮ, ਇਕ ਮਾਰਗ ਤੇ ਇਕ ਪੰਥ ਦੇ ਅਸੂਲ ਤੇ ਉਸਾਰਿਆ। ਆਦਰਸ਼ਕ ਧਰਮ ਮਾਰਗ ਵੱਲ ਸ਼ੇਖ ਫਰੀਦ ਨੇ ਵੀ ਇਸ਼ਾਰਾ ਕੀਤਾ ਹੈ, ਇਹੀ ਕਾਰਨ ਹੈ ਕਿ ਫਰੀਦ ਜੀ ਦੀ ਬਾਣੀ ਨੂੰ ਧੁਰ ਕੀ ਬਾਣੀ ਦੀ ਪਦਵੀ ਮਿਲੀ :

ਖੰਨਿਅਹੁ ਤਿਖੀ ਬਹੁਤੁ ਪਿਈਣੀ।।
ਉਸੁ ਊਪਰਿ ਹੈ ਮਾਰਗੁ ਮੇਰਾ।।
ਸੇਖ ਫਰੀਦਾ ਪੰਥੁ ਸਮਾਰਿ ਸਵੇਰਾ।।
(ਸੂਹੀ ਫਰੀਦ, ੭੯੪)

ਗੁਰੂ ਗੋਬਿੰਦ ਸਿੰਘ ਜੀ ਇਹ ਗੱਲ ਸਪੱਸ਼ਟ ਕਰਦੇ ਹਨ ਕਿ ਗੁਰੂ ਨਾਨਕ ਜੀ ਨੇ ਇਹ ਧਰਮ ਚਲਾਇਆ, ਇਹੀਓ ਜੀਵਨ ਸਾਧਨਾ ਦਾ ਸੱਚਾ ਮਾਰਗ ਹੈ, ਅਤੇ ਇਸ ਮਾਰਗ ਉਤੇ ਚਲਣ ਵਾਲਿਆਂ ਦੀ ਸਭਿਆਚਾਰਕ ਕੌਮ ਨੂੰ *'ਪੰਥ'* ਕਿਹਾ ਹੈ।

ਤਿਨਿ ਇਹ ਕਲਿ ਮੋ ਧਰਮ ਚਲਾਯੋ।
ਸਭ ਸਾਧਨ ਕੋ ਰਾਹ ਬਤਾਯੋ।
ਜੋ ਤਾਂ ਕੇ ਮਾਰਗ ਮਹਿ ਆਏ।
ਤੇ ਕਬਹੂੰ ਨਹਿ ਪਾਪ ਸੰਤਾਏ।
ਜੇ ਜੇ ਪੰਥ ਤਵਨ ਕੇ ਪਰੇ।
ਪਾਪ ਤਾਪ ਤਿਨ ਕੇ ਪ੍ਰਭ ਹਰੇ।
(ਬਚਿਤ੍ਰ ਨਾਟਕ-੬)

ਏਥੋਂ ਸੱਪਸ਼ਟ ਹੈ ਕਿ ਗੁਰੂ ਨਾਨਕ ਜੀ ਦਾ ਧਰਮ ਨਾ ਕੇਵਲ ਇਕ ਦਾਰਸ਼ਨਿਕ ਜੀਵਨ ਫਲਸਫਾ ਸੀ,ਸਗੋਂ ਇਹ ਸਾਧਨਾ ਦਾ ਮਾਰਗ ਵੀ ਸੀ, ਤੇ ਕੌਮੀਅਤ ਦੇ ਸਾਰੇ ਤੱਤਾਂ ਸੰਪੰਨ ਪੰਥ ਵੀ ਸੀ। ਕਈ ਸਿੱਖਾਂ ਤੇ ਗ਼ੈਰ-ਸਿਖਾਂ ਵਿਚ ਇਹ ਵਹਿਮ ਪ੍ਰਚਲਤ ਹੈ ਕਿ ਗੁਰੂ ਨਾਨਕ ਜੀ ਦੇ ਸਮੇਂ ਸਿਖ ਨਿਰਾਲਾ ਨਹੀਂ ਸੀ, ਇਸਨੂੰ ਨਿਰਾਲਾਪਣ ਖਾਲਸਾ ਸਾਜ ਕੇ ਗੁਰੂ ਗੋਬਿੰਦ ਸਿੰਘ ਨੇ ਦਿਤਾ ਹੈ। ਇਹ ਬੜਾ ਖਤਰਨਾਕ ਭੁਲੇਖਾ ਹੈ। ਭਾਈ ਗੁਰਦਾਸ ਸਿਖ ਪੰਥ ਦੇ ਨਿਰਾਲੇਪਣ ਬਾਰੇ ਲਿਖਦੇ ਹਨ-

"ਗੁਰਮੁਖ ਪੰਥ ਨਿਰੋਲ ਨ ਰਲੇ ਰਲਾਈਐ।
ਗੁਰਮੁਖ ਪੰਥ ਅਲੋਲ ਸਹਜ ਸਮਾਈਐ।
(ਵਾਰ ੩-੪)

ਮਾਰਗ ਖੰਡੇਧਾਰ ਹੈ ਭਵਜਲ ਭੁਰ ਕਾਲਾ।
ਵਾਲਹੁ ਨਿਕਾ ਆਖੀਐ ਗੁਰ ਪੰਥ ਨਿਰਾਲਾ।
(ਵਾਰ ੧੩-੭)

ਇਹ ਗੁਰੂ ਨਾਨਕ ਦਾ ਪੰਥ, ਗੁਰੂ ਦੀ ਸੰਗਤ ਕਰਕੇ ਪ੍ਰਸਿਧ ਰਿਹਾ। ਅਸੀਂ ਦਸ ਆਏ ਹਾਂ ਕਿ ਸੰਗਤ ਨੂੰ ਗੁਰੂ ਸਾਹਿਬ ਆਪਣਾ ਵਿਆਪਕ ਰੂਪ ਕਹਿੰਦੇ ਸਨ। ਆਗਰੇ ਤੋਂ ਲੈ ਕੇ ਕਲਕੱਤੇ ਤੇ ਢਾਕੇ ਤਕ ਅਜੇ ਤਕ ਇਤਿਹਾਸਕ ਗੁਰਦੁਆਰਿਆਂ ਦੇ ਨਾਮ ਛੋਟੀ ਸੰਗਤ ਤੇ ਬੜੀ ਸੰਗਤ ਕਰਕੇ ਪ੍ਰਸਿਧ ਹਨ। ਭੱਟ ਕੀਰਤ ਵੀ ਇਸ ਗੁਰ ਸੰਗਤ ਰੂਪ ਪੰਥ ਵਲ ਧਿਆਨ ਦੁਆਂਦਾ ਹੈ :

ਇਕੁ ਉਤਮੁ ਪੰਥੁ ਸੁਨਿਓ ਗੁਰ ਸੰਗਤਿ,
ਤਿਹ ਮਿਲੰਤ ਜਮ ਤ੍ਰਾਸ ਮਿਟਾਈ।।
(ਪੰਨਾ ੧੪੦੬)

ਭੱਟ ਮਥਰਾ ਕਹਿੰਦਾ ਹੈ :

ਧ੍ਰਮ ਪੰਥੁ ਧਰਿਓ ਧਰਨੀਧਰ ਆਪਿ,
ਰਹੇ ਲਿਵ ਧਾਰਿ ਨ ਧਾਵਤ ਹੈ।। (ਪੰਨਾ ੧੪੦੬)

ਇਸੇ ਪੂਰਨ ਗਿਆਨ ਤੇ ਧਰਮ ਦੀਆਂ ਜਿੰਮੇਵਾਰੀਆਂ ਗੁਰੂ ਨਾਨਕ ਨੇ ਅੰਗਦ ਦੇਵ ਜੀ ਨੂੰ ਸੰਭਾਲੀਆਂ :

ਗੁਰੂ ਨਾਨਕ ਨਿਕਟਿ ਬਸੈ ਬਨਵਾਰੀ।।
ਤਿਨ ਲਹਣਾ ਥਾਪ ਜੋਤਿ ਜਗਿ ਧਾਰੀ।।
ਲਹਣੈ ਪੰਥ ਧਰਮ ਕਾ ਕੀਆ,
ਅਮਰਦਾਸ ਭਲੇ ਕਉ ਦੀਆ।।

ਭਾਈ ਗੁਰਦਾਸ ਨੇ ਏਸੇ ਹੀ ਪੰਥ ਨੂੰ ਗੁਰਮੁਖ ਪੰਥ ਤੇ ਨਿਰਮਲ ਪੰਥ ਆਖਿਆ ਹੈ -

ਗੁਰਸਿਖ ਪੰਥ ਚਲਾਇਆ,
ਗੁਰਸਿਖ ਮਾਇਆ ਵਿਚ ਉਦਾਸੀ। (੩੯-੧੭)
ਗੁਰਮੁਖ ਸਚਾ ਪੰਥ ਹੈ,
ਸਿਖ ਸਹਜ ਘਰ ਜਾਇ ਖਲੋਵੇ। (੨੮-੯)
ਗੁਰਮੁਖ ਸਚਾ ਪੰਥ ਹੈ,
ਸਚ ਦੋਰੀ ਸਚਾ ਰਾਜ ਕਰੰਦਾ। (੨੬-੧)
ਗੁਰਮੁਖ ਪੰਥ ਚਲਾਇਓਨ
ਨਾਮ ਦਾਨ ਇਸਨਾਨ ਦ੍ਰਿੜਾਇਆ। (੨੩-੧)
ਮਾਰਿਆ ਸਿਕਾ ਜਗਤ ਵਿਚ
ਨਾਨਕ ਨਿਰਮਲ ਪੰਥ ਚਲਾਇਆ। (੧-੪੫)

ਗੁਰਸਿਖੀ ਮਾਰਗ ਤੇ ਇਸ ਪੰਥ ਦੇ ਬਾਨੀ ਗੁਰੂ ਨਾਨਕ ਜੀ ਖ਼ੁਦ ਆਪਣੀ ਬਾਣੀ ਵਿਚ ਇਸ ਨੂੰ ਅਤੀਤ ਗੁਰਮੁਖ ਪੰਥ ਕਹਿੰਦੇ ਹਨ-

ਪਤੁ ਵੀਚਾਰੁ ਗਿਆਨ ਮਤਿ
ਡੰਡਾ ਵਰਤਮਾਨ ਬਿਭੂਤੰ।।
ਹਰਿ ਕੀਰਤਿ ਰਹਰਾਸਿ ਹਮਾਰੀ



www.AKJ.Org

ਗੁਰਮੁਖਿ ਪੰਥੁ ਅਤੀਤੰ।।੩।।

(ਮ: ੧ ਆਸਾ, ਪੰਨਾ ੩੬੦)

ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਗੁਰਮੁਖ ਪੰਥ ਨੂੰ ਮੁਕਤਿ ਪੰਥ ਕਹਿੰਦੇ ਹਨ, ਅਤੇ ਇਸ ਦੀ ਮੰਜ਼ਲ ਗੁਰਮੁਖ ਹੋ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ-

ਤਜਿ ਅਭਿਮਾਨ ਮੋਹ ਮਾਇਆ
ਫੁਨਿ ਭਜਨ ਰਾਮ ਚਿਤੁ ਲਾਵਉ।।
ਨਾਨਕ ਕਹਤ ਮੁਕਤਿ ਪੰਥ
ਇਹੁ ਗੁਰਮੁਖਿ ਹੋਇ ਤੁਮ ਪਾਵਉ।।੨।।

(ਮ: ੯, ਪੰਨਾ ੨੧੯)

ਇਸ ਪੰਥ ਦਾ ਨਿਰਾਲਾਪਨ ਸਿਖਾਂ ਦੇ ਅੰਤ੍ਰੀਵ ਉਚ ਆਚਰਨ ਵਾਲੇ ਸਰੂਪ ਤੇ ਨਿਰਭਰ ਸੀ। ਜਦ ਪ੍ਰਿਥੀਮਲ ਨੇ ਇਸ ਪੰਥ ਤੋਂ ਵਖਰੀ ਆਪਣੀ ਸਿਖੀ ਸੇਵਕੀ ਚਲਾਈ ਤਾਂ ਭਾਈ ਗੁਰਦਾਸ ਨੇ ਬੜੇ ਕਰੜੇ ਲਫ਼ਜ਼ਾਂ ਵਿਚ ਇਉਂ ਅਲੋਚਨਾ ਕੀਤੀ-

ਨਰਕ ਪੰਥ ਹੈ ਮੀਣਿਆ ਮਿਲ ਨਰਕ ਨਿਬਾਹੈ।।
ਕਿਆ ਨੀਸਾਣੀ ਮੀਣਿਆ ਖੋਟਸਾਲੀ ਸਿਕੇ।।
ਸਿਰੇ ਸਿਰ ਪਾਹਣੀ ਮਾਰੀਅਨ ਉਇ ਪੀਰ ਫਟਿਕੇ।।

(੩੬-੮)

ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਗੁਰੂ ਸਾਹਿਬ ਨੂੰ ਜੰਗਾਂ ਜੁਧਾਂ ਵਿਚ ਰੁਝੇ ਦੇਖ ਕੇ ਮਸੰਦਾਂ ਨੇ ਆਪਣੀ ਸਿਖੀ ਸੇਵਕੀ ਚਲਾ ਲਈ ਅਤੇ ਚਰਨ ਪਹੁਲ ਆਪ ਹੀ ਦੇਣ ਲਗ ਪਏ। ਇਨ੍ਹਾਂ ਨੂੰ ਗੁਰੂ ਸਾਹਿਬ ਨੇ ਸੁਹਲੰਗੀ ਸਿਖ ਆਖਿਆ, ਤੇ ਜਿਹੜੇ ਗੁਰੂ ਸਾਹਿਬ ਤੋਂ ਆਪ ਆ ਕੇ ਗੁਰਮੰਤ੍ਰ ਤੇ ਚਰਨ ਪਾਹੁਲ ਲੈਂਦੇ ਸਨ ਉਨ੍ਹਾਂ ਨੂੰ 'ਖਾਲਸਾ' ਆਖਿਆ। ਪਟਣੇ ਮੁੰਗੇਰ, ਆਲਮਗੰਜ ਦੀ ਸੰਗਤ ਨੂੰ ਗੁਰੂ ਹਰਿਗੋਬਿੰਦ ਸਾਹਿਬ ਇਕ ਹੁਕਮਨਾਮੇ ਵਿਚ ਲਿਖਦੇ ਹਨ:

*"ਗੁਰੂ ਕੀ ਆਗਿਆ ਹੋਇ ਕੀਰਤਨ ਕਰਨਾ, ਇਕ ਦਾਸ ਭਲੀ ਜੁਗਤ ਰਹਿਣਾ। ਪੂਰਬ ਦੀ ਸੰਗਤਿ ਗੁਰੂ ਦਾ ਖ਼ਾਲਸਾ ਹੋਇ।"* ਇਉਂ ਖ਼ਾਲਸਾ ਸ਼ਬਦ ਗੁਰੂ ਚਰਨ ਸ਼ਰਨੋ ਵਰਸਾਏ ਸਿਖਾਂ ਲਈ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਵਰਤਿਆ। ਖਾਲਸਾ ਸਾਜਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਵੀ ਇਹ ਸ਼ਬਦ ਮਿਲਦਾ ਹੈ। ੧੬੯੯ ਈ: ਦੀ ਵਿਸਾਖੀ ਨੂੰ ਜਦ ਗੁਰੂ ਸਾਹਿਬ ਨੇ ਖੰਡੇ ਦੇ ਅੰਮ੍ਰਿਤ ਦੀ ਰੀਤੀ ਚਲਾਈ ਤਾਂ ਗੁਰਦੀਖਿਆ ਦੇਣ ਦੇ ਅਧਿਕਾਰ ਵੀ ਖਾਲਸਾ ਰੂਪ ਸੰਗਤ ਨੂੰ ਸੌਂਪ ਦਿਤੇ। ਇਸੇ ਲਈ ਭਾਈ ਗੁਰਦਾਸ ਦੂਜਾ ਲਿਖਦਾ ਹੈ :

"ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।।

ਮਾਛੀਵਾੜੇ ਦੀ ਸੰਗਤ ਨੂੰ ਲਿਖੇ ਗੁਰੂ ਗੋਬਿੰਦ ਸਿੰਘ ਦੇ ਹੁਕਮਨਾਮੇ ਤੋਂ ਵੀ ਇਹੀਓ ਗਲ ਸਿਧ ਹੁੰਦੀ ਹੈ :

"ਸਰਬਤ ਸੰਗਤਿ ਮਾਛੀਵਾੜੇ ਕੀ ਗੁਰੂ ਰਖੇਗਾ।
ਸੰਗਤਿ ਮੇਰਾ ਖਾਲਸਾ ਹੈ।"

ਇਥੇ ਮੈਂ ਇਹ ਗਲ ਬੜੇ ਜ਼ੋਰਦਾਰ ਸ਼ਬਦਾਂ ਵਿਚ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਖਾਲਸਾ ਖਾਲਸਾ ਪੰਥ ਦੇ ਘੇਰੇ ਵਿਚ ਹਰ ਪ੍ਰਮਾਰਥ ਦੇ ਪਾਂਧੀ ਨੂੰ ਕਦਮ ਰਖਣ ਦੀ ਅਤੇ ਇਸ ਤੋਂ ਆਤਮਕ ਪ੍ਰਭਾਵ ਲੈਣ ਦੀ ਖੁਲ੍ਹ ਹੈ। ਪਰ ਗੁਰੂ ਨਾਨਕ ਦੇ ਸਮੇਂ ਤੋਂ ਇਸਦੀਆਂ ਪੰਥਕ, ਜਥੇਬੰਦੀ, ਤੇ ਸਭਿਆਚਾਰਕ ਮਰਯਾਦਾ ਨਿਭਾਣ ਦੀ ਜ਼ਿੰਮੇਵਾਰੀ ਕੇਵਲ ਰਹਿਤਵਾਨ ਗੁਰਮੁਖ ਸਿਖਾਂ ਨੂੰ ਅਧਿਕਾਰ ਹੈ। ਅਸੀਂ ਪਿਛਲੇ ਕਈ ਸਾਲਾਂ ਤੋਂ ਦੇਖ ਰਹੇ ਹਾਂ ਕਿ ਪੰਥ ਦੀਆਂ ਅਹਿਮ ਜ਼ਿੰਮੇਵਾਰੀਆਂ ਬੜੇ ਸੰਕਟ ਸਮੇਂ ਬਜਾਏ ਸੂਝਵਾਨ ਉੱਚ ਆਚਰਣ ਦੇ ਬੇਗ਼ਰਜ਼ ਸਤਿਪੁਰਸ਼ਾਂ ਨੂੰ ਸੌਂਪਣ ਦੇ, ਐਰੈ ਗੈਰੈ ਅਮੀਰ ਜ਼ਾਦਿਆ ਤੇ ਭਦਰ ਪੁਰਸ਼ਾਂ ਨੂੰ ਸੌਂਪੀਆਂ ਜਾਂਦੀਆਂ ਰਹੀਆਂ ਹਨ ਜੋ ਸ਼ਰਾਬ ਪੀਂਦੇ ਹਨ ਤੇ ਹੋਰ ਕੁਕਰਮ ਖੁਲ੍ਹਮ ਖੁਲ੍ਹੇ ਕਰਦੇ, ਨਿਤਨੇਮ, ਨਾਮ ਜਪਣਾ, ਜਾਂ ਸਿਖ ਮਰਯਾਦਾ ਦੇ ਨੇੜੇ ਨਹੀਂ ਸਨ ਲਗਦੇ, ਅਤੇ ਜਿਸ ਵੇਲੇ ਕੌਮ ਉਨ੍ਹਾਂ ਤੋਂ ਕੁਰਬਾਨੀ ਤੇ ਸਿਆਣਪ ਦੀਆਂ ਆਸਾਂ ਲਾਈ ਬੈਠੀ ਹੁੰਦੀ ਸੀ ਇਹ ਭਦਰ ਪੁਰਸ਼ ਆਪਣੇ ਨਿਜੀ ਲਾਭਾਂ ਹਿਤ ਕੌਮ ਦੀ ਕਿਸਮਤ ਦਾ ਸੌਦਾ ਕਰ ਲੈਂਦੇ ਰਹੇ। ਹੁਕਮਰਾਨ ਸ੍ਰੇਣੀ ਵਿਚ ਪਰਵਾਨ ਚੜ੍ਹਨ ਲਈ ਸਿੱਖ ਕੌਮ ਦੀ ਪਿੱਠ ਵਿੱਚ ਛੁਰਾ ਮਾਰਨੋਂ ਨਾ ਸੰਕੋਚ ਕਰਦੇ। ਸਿਖ ਸਰੂਪ ਧਾਰ ਕੇ ਪਹਿਲਾਂ ਡੋਗਰਿਆਂ ਨੇ ਸਾਡੀ ਸਾਰੀ ਰਾਜ-ਸ਼ਕਤੀ ਦਰਿਆਵਾਂ ਵਿੱਚ ਰੋੜ ਦਿੱਤੀ, ਅੱਜ ਆਪਣੇ ਹੀ ਸਿੱਖ ਸਰੂਪ ਵਾਲੇ ਭਰਾ ਸਾਡੀਆਂ ਅੱਖਾਂ ਦੇ ਸਾਹਮਣੇ ਕੌਮ ਦੀ ਕਿਸਮਤ ਨਾਲ ਬੜੀ ਬੇਰਹਿਮੀ ਨਾਲ ਖੇਡਦੇ ਹਨ। ਇਹੀਓ ਕਾਰਨ ਹੈ ਕਿ ਸਾਡੀ ਸਿਆਸਤ ਦਿਨੋ ਦਿਨ ਨਿਘਰਦੀ ਜਾਂਦੀ ਹੈ। ਅਸੀਂ ਦੇਖਦੇ ਹਾਂ ਕਿ ਸਿੱਖੀ ਸਰੂਪ ਵਾਲੇ ਸਿੱਖ, ਪਰ ਜੇ ਪੁਛੋ ਤੁਹਾਡਾ ਗੁਰੂ ਕੌਣ ਹੈ ਤਾਂ ਕੋਈ ਬਿਆਸਾ ਵਾਲੇ ਵੱਲ ਉਂਗਲ ਕਰਦਾ ਹੈ, ਕੋਈ ਨਿਰੰਕਾਰੀ ਵਲ ਤੇ ਕੋਈ ਹੋਰ ਕਿਸੇ ਭੇਖਧਾਰੀ ਸਾਧ ਵਲ। ਅਸੀਂ ਦੇਖਦੇ ਹਾਂ ਸਾਡੇ ਗ੍ਰੰਥੀ , ਸਾਡੇ ਪ੍ਰਚਾਰਕ, ਸਾਡੇ ਧਾਰਮਕ ਆਗੂ, ਤੇ ਬੜੀਆਂ ਉੱਚ ਪੱਧਰ ਦੀਆਂ ਸਿੱਖ

(ਬਾਕੀ ਪੰਨਾ ੩੦ ਤੇ)



www.AKJ.Org

# ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ਕੋਊ ਜਾਗੈ ਹਰਿ ਜਨੁ

ਗੁਣਾਂ ਦੇ ਆਧਾਰ ਤੇ ਵੰਡ ਪੁਰਾਤਨ ਕਾਲ ਤੋਂ ਪ੍ਰਚਲਿਤ ਹੈ । ਸ਼ਾਇਦ ਨਿਆਏ ਸ਼ਾਸਤਰ ਨੇ ਇਹ ਵੰਡ ਪਹਿਲੀ ਵਾਰੀ ਕੀਤੀ। ਪਰ ਇਸ ਵੰਡ ਦਾ ਉਦੇਸ਼ ਪਤਾ ਨਹੀਂ ਕੀ ਸੀ, ਸ਼ਾਇਦ ਬ੍ਰਾਹਮਣ ਨੂੰ ਬਾਕੀ ਦੇ ਸਮਾਜ ਤੋਂ ਉਚਾ ਦਰਜਾ ਦੇਣਾ ਸੀ। ਬ੍ਰਾਹਮਣ ਆਪ ਸਣੇ ਦੇਵੀ ਦੇਵਤਿਆਂ ਦੇ ਸਤੋ ਗੁਣੀ ਅਖਵਾਇਆ, ਵੈਸ਼ ਅਤੇ ਖਤਰੀ ਰਜੋ ਗੁਣੀ ਥਾਪੇ ਗਏ। ਭਾਵ ਮਧਮ ਵਰਗ ਮੰਨਿਆ ਗਿਆ । ਅਤੇ ਨੀਚ ਵਰਗ ਨੂੰ ਸ਼ੂਦਰ ਜਾਂ ਤਮੋ ਗੁਣੀ ਆਖਿਆ ਗਿਆ, ਉਦੋਂ ਤੋਂ ਹੀ ਉਸ ਦਾ ਪਰਮਾਰਥਕ ਰਾਹ ਬੰਦ ਕਰ ਦਿਤਾ ਗਿਆ ਸੀ। ਪਰ ਕਬੀਰ ਜੀ, ਰਵਿਦਾਸ ਜੀ, ਨਾਮਦੇਵ ਜੀ, ਸਧਨਾ ਜੀ, ਤ੍ਰਿਲੋਚਨ ਜੀ ਨੇ ਸਮੇਂ ਸਮੇਂ ਇਸ ਸ਼ਰੇਣੀ ਵੰਡ ਨੂੰ ਝੁਠਲਾਇਆ।

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ।।
(੭੩੩)

ਗੁਰਮਤਿ ਨੇ ਭੀ ਵਿਅਕਤਿਤਵ-ਵੰਡ (Personality Classification) ਨੂੰ ਅਤੇ ਜਾਤੀ ਵੰਡ ਨੂੰ ਹੋਰ ਤਰ੍ਹਾਂ ਮੰਨਿਆਂ ਹੈ। ਜਨਮ ਦੇ ਆਧਾਰ ਤੇ ਮਨੁੱਖੀ ਸੁਭਾਅ ਨੂੰ ਵੰਡਣਾ ਗੁਰਮਤਿ ਅਨੁਸਾਰ ਵੱਡੀ ਭੁੱਲ ਹੈ। ਅਤੇ ਜੋ ਸ਼ਰੇਣੀ ਇਸ ਚੀਜ਼ ਦਾ ਪ੍ਰਚਾਰ ਕਰਦੀ ਸੀ ਉਸ ਨੂੰ ਗੁਰਬਾਣੀ ਨੇ ਚੰਗਾ ਨਹੀਂ ਕਿਹਾ। ਗੁਰਬਾਣੀ ਸਮੁਚੀ ਮਨੁਖ ਜਾਤੀ ਨੂੰ ਬਰਾਬਰ ਮੰਨਦੀ ਹੈ। ਪਰ ਬਰਾਬਰ ਦਾ ਭਾਵ ਇਹ ਭੀ ਤਾਂ ਨਹੀਂ ਕਿ ਮਨੁਖ ਸੁਭਾਅ ਕਰ ਕੇ ਭੀ ਇਕ ਸਾਰ ਹਨ।

ਬਿਰਖੈ ਹੇਠਿ ਸਭਿ ਜੰਤ ਇਕਠੇ।।
ਇਕਿ ਤਤੇ ਇਕਿ ਬੋਲਨਿ ਮਿਠੇ।।
(ਪੰਨਾ ੧੦੧੯)

ਇਸ ਲੇਖ ਵਿਚ ਅਸੀਂ *'ਤਤਿਆਂ'* ਤੇ ਸੁਭਾਅ ਦੀ ਵੀਚਾਰ ਕਰ ਰਹੇ ਹਾਂ। ਤਮੋਗੁਣੀ ਸੁਭਾਅ ਵਿਚ ਅਤੇ ਰਜੋ ਗੁਣੀ ਸੁਭਾਅ ਵਿਚ ਅਵਸਥਾ (degree) ਦਾ ਫਰਕ ਹੈ। ਤਮੋ ਗੁਣ ਵਿਚ ਜੋਰ ਜ਼ੁਲਮ, ਧੱਕਾ ਮੂੜ੍ਹਮਤ ਜ਼ਿਆਦਾ ਪਰਧਾਨ ਹੁੰਦੀ ਹੈ, ਸੁਆਦ ਤੇ ਰਸ ਭੋਗਣ ਵਲ ਵਧੇਰੇ ਰੁਚੀ ਹੁੰਦੀ ਹੈ। ਪਰ ਰਜੋ ਗੁਣੀ ਸੁਭਾਅ ਪਹਿਲੇ ਨਾਲੋਂ ਜ਼ਰਾ ਸੋਧਿਆ ਹੁੰਦਾ ਹੈ, ਜ਼ਰਾ ਲਿਸ਼ਕਾਇਆ (polished) ਹੋਇਆ ਹੁੰਦਾ ਹੈ, ਰਜੋ ਗੁਣੀ ਸੁਭਾਅ ਦੇ ਬੰਦੇ, ਆਮ ਅਜੋਕੀ ਜਨਤਾ ਮੰਨੀ ਜਾ ਸਕਦੀ ਹੈ। ਰਜੋ ਗੁਣ ਵਿਚ ਮਨੁੱਖ ਅੰਦਰ ਤੀਬਰ ਇਛਾਵਾਂ, ਤਰੱਕੀ ਕਰਨ ਦੀ ਚਾਹ, ਜੀਵਨ ਵਿਚ ਹਿੱਸਾ ਲੈਣ (participate) ਦੀ ਰੁਚੀ ਪੂਰੇ ਜੋਸ਼ਵਿਚ ਹੁੰਦੀ ਹੈ। ਭਾਵ ਹਰ ਪ੍ਰਕਾਰ ਨਾਲ ਧੰਧਿਆਂ ਵਿਚ ਖਚਿਤ ਹੋਣਾ ਦੁਨੀਆਂ ਦੇ ਕੰਮਾਂ ਕਾਜਾਂ ਵਿਚ ਇਤਨਾ ਜ਼ਿਆਦਾ ਖੁਭਣਾ ਕਿ ਜ਼ਿੰਦਗੀ ਦੇ ਅਸਲ ਮਨੋਰਥ ਵਲ ਕਦੀ ਧਿਆਨ ਹੀ ਨਾ ਜਾਣਾ ਰਜੋ ਗੁਣ ਹੈ।

ਪੱਛਮੀ ਦੇਸ਼ਾਂ ਵਿਚ ਬਹੁਤ ਕਰਕੇ, ਅਤੇ ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਭੀ ਜੀਵਨ ਜ਼ਿਆਦਾ ਤੇਜ਼ ਰਫ਼ਤਾਰ ਤੁਰਦਾ ਹੈ। ਭਾਰਤ ਦੇ ਪਿੰਡਾਂ ਵਿਚ ਤਾਂ ਅਜੇ ਭੀ ਜੀਵਨ ਦੀ ਰਫ਼ਤਾਰ ਧੀਮੀ ਹੈ। ਤੇਜ਼ ਰਫ਼ਤਾਰੀ ਜੀਵਨ ਰਜੋ ਗੁਣੀ ਜੀਵਨ ਹੈ। ਜਿਸ ਦਾ ਸਰਬ-ਉਤਮ ਮਨੋਰਥ ਇਹੋ ਸਮਝਿਆ ਜਾਂਦਾ ਹੈ ਕਿ ਚੰਗਾ ਕਮਾਉਣਾ ਚੰਗਾ ਖਾਣਾ ਪੀਣਾ ਜਾਂ ਪਹਿਨਣਾ। ਹਰ ਪ੍ਰਕਾਰ ਦੇ ਸੁਖਾਂ ਦੇ ਸਾਧਨਾਂ ਦੀ ਭਾਲ ਵਿਚ ਸਾਰੀ ਉਮਰ ਬਿਤਾ ਦੇਣੀ ਅਤੇ ਅੰਤ ਤ੍ਰਿਸ਼ਨਾ ਵਿਚ ਹੀ ਖ਼ਤਮ ਹੋ ਜਾਣਾ।

ਪਰ ਇਹ ਤਮੋ ਗੁਣੀ ਜੀਵਨ ਤੋਂ ਕੁਝ ਸੁਧਰਿਆ ਹੋਇਆ ਹੈ। ਅੰਧਕਾਰ ਦੀ ਅਵਸਥਾ ਇਸ ਵਿਚ ਭੀ ਉਵੇਂ ਕਿਵੇਂ ਵਿਦਮਾਨ ਰਹਿੰਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਨੁਖ ਨੂੰ ਨਹੀਂ ਛੱਡਦੇ, ਪਰ ਇਹਨਾਂ ਦਾ ਰੂਪ ਹੋਰ ਤਰ੍ਹਾਂ ਹੁੰਦਾ ਜਾਂਦਾ ਹੈ।

ਲੋਭ ਦੀ ਇਕ ਸਵਾਦਲੀ ਮਿਸਾਲ ਹੈ। ਤਮੋ ਗੁਣੀ ਲੋਭੀ ਡਾਕਾ ਮਾਰ ਕੇ ਧੱਕੇ ਨਾਲ ਲੁਟਦਾ ਹੈ, ਪਰ ਰਜੋ ਗੁਣੀ ਲੋਭੀ *"ਜੋਰੀ ਦਾਨ"* ਨਹੀਂ ਮੰਗਦਾ। ਵਪਾਰੀ ਹੋ ਕੇ ਚੀਜ਼ਾਂ ਦਾ ਜਖ਼ੀਰਾ ਬਣਾ ਕੇ ਮੁਨਾਫ਼ਾ ਖਟਦਾ ਹੈ। ਬਲੈਕ ਕਰਦਾ ਹੈ। ਸਾਨੂੰ ਪਤਾ ਹੈ ਕਿ ਕੀਮਤਾਂ ਕਿਉਂ ਚੜ੍ਹਦੀਆਂ ਹਨ, ਪਰ ਵਿਚਲੀ ਗੱਲ ਲੋਭ ਦੀ ਹੈ, ਜੋ ਸਾਡੇ ਸਾਹਮਣੇ ਸੋਧੇ ਹੋਏ ਰੂਪ ਵਿਚ ਦੇਖਣ ਨੂੰ ਮਿਲਦੀ ਹੈ।

ਇਸੇ ਤਰ੍ਹਾਂ ਕਾਮ ਹੈ। ਤਮੋਗੁਣੀ ਕਾਮੀ ਤਾਂ ਧੱਕਾ ਕਰਕੇ ਕਿਸੇ ਸਤ ਭੰਗ ਕਰਦਾ ਹੈ, ਪਰ ਰਜੋ ਗੁਣੀ ਕਾਮੀ ਫ਼ਿਲਮਾਂ ਰਾਹੀਂ, ਗੰਦੇ ਗੀਤ ਸੁਣ ਕੇ, ਗੰਦੇ ਨਾਵਲ ਪੜ੍ਹ ਕੇ, ਜਾਂ ਲਿਖ ਕੇ ਕੁਸੰਗਤ ਵਿਚ ਜਾਂ ਕਲੱਬਾਂ ਜਾ ਕੇ ਆਪਣੀ ਕਾਮ-ਚੇਸ਼ਟਾ ਨੂੰ ਪੂਰਾ ਕਰਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਮਨੁਖ ਦੀ ਇਕ ਮੂਲ ਪ੍ਰਵਿਰਤੀ ਹੈ ਸਵਾਦ ਲੈਣਾ। ਪੰਜਾਂ ਦੇ ਵੱਸ ਪਿਆ ਮਨੁੱਖ ਸਮਝਦਾ ਹੈ ਕਿ ਮੈਂ ਤਰੱਕੀ ਕਰ ਰਿਹਾ ਹਾਂ। ਮੇਰਾ ਜੀਵਨ ਪੱਧਰ (standard of living) ਅੱਗੇ ਨਾਲੋਂ ਉੱਚਾ ਹੁੰਦਾ ਜਾਂਦਾ ਹੈ। ਪਰ ਦਰ ਅਸਲ ਪਰਮਾਰਥ ਪੱਖ ਤੋਂ ਵੇਖਿਆਂ ਉਹ



www.AKJ.Org

ਪ੍ਰਭੂ ਪਰਮਾਤਮਾ ਤੋਂ ਦੂਰ ਹੀ ਰਹਿੰਦਾ ਹੈ। ਗੁਰਬਾਣੀ ਨੇ ਸਦਾ ਸੋਧ ਬਖ਼ਸ਼ਣੀ ਹੈ :-

ਖਾਣਾ ਪੀਣਾ, ਹਸਣਾ ਬਾਦਿ।।
ਜਬ ਲਗੁ ਰਿਦੈ ਨ ਆਵਹਿ ਯਾਦਿ।। (ਪੰਨਾ ੩੫੧)

ਆਸਾ ਦੀ ਵਾਰ ਦੀ ਇਕ ਪਾਉੜੀ ਵਿਚ ਇਹੋਂ ਨਕਸ਼ਾ ਬੰਨ੍ਹਿਆ ਹੈ :-

ਤੁਰੇ ਪਲਾਣੇ ਪਉਣ ਵੇਗ
ਹਰ ਰੰਗੀ ਹਰਮ ਸਵਾਰਿਆ।।
ਕੋਠੇ ਮੰਡਪ ਮਾੜੀਆ,
ਲਾਇ ਬੈਠੇ ਕਰਿ ਪਾਸਾਰਿਆ।।
ਚੀਜ ਕਰਨਿ ਮਨਿ ਭਾਵਦੇ
ਹਰਿ ਬੁਝਨਿ ਨਾਹੀ ਹਾਰਿਆ।।
ਕਰਿ ਫੁਰਮਾਇਸਿ ਖਾਇਆ
ਵੇਖਿ ਮਹਲਤਿ ਮਰਣੁ ਵਿਸਾਰਿਆ।।
ਜਰੁ ਆਈ ਜੋਬਨਿ ਹਾਰਿਆ।।੧੭।। (੪੭੨)

ਜਿਥੇ ਮਨੁੱਖ ਦੀ ਰੁਚੀ ਮਨ-ਭਾਉਂਦੀ ਚੀਜ਼ ਪ੍ਰਾਪਤ ਕਰਨ ਵਿੱਚ ਦੀ ਹੁੰਦੀ ਹੈ ਉਥੇ ਇਕ ਹੋਰ ਤਕੜੀ ਰੁਚੀ ਭੀ ਪੈਦਾ ਹੁੰਦੀ ਹੈ, ਆਤਮ-ਦਾਅਵਾ (self assertiveness) ਅਤੇ ਆਪਣੀ ਕਲਾ ਦਾ ਵਿਖਾਵਾ ਕਰਨਾ। ਨਚਣਾ-ਕੁਦਣਾ, ਗਾਉਣ-ਵਜਾਉਣਾ, ਬੋਲਣਾ-ਲਿਖਣਾ, ਵਿਦਿਆ ਧੰਨ, ਮਾਲ, ਰਾਜ, ਤੇਜ ਪਰਤਾਪ, ਐਸ਼੍ਵਰਜ, ਰੁਤਬਾ, ਇਨ੍ਹਾਂ ਦਾ ਰੋਹਬ, ਇਹਨਾਂ ਦਾ ਮਾਣ ਕਰਨਾ ਤੇ ਲਿਫ ਲਿਫ ਬੈਠਣਾ ਇਹ ਸਭ ਰਜੋ ਗੁਣੀ ਸੁਭਾਅ ਵਿਚ ਅਹੰਕਾਰ ਦੀ ਤ੍ਰਿਪਤੀ ਲਈ ਹੁੰਦਾ ਹੈ।

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ।।
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ।।
(ਪੰਨਾ ੧੨੮੮)

ਮਾਤ ਪਿਤਾ ਭਾਈ ਸੁਤ ਬਨਿਤਾ
ਤਾ ਕੈ ਰਸਿ ਲਪਟਾਨਾ।।
ਜੋਬਨੁ ਧਨੁ ਪ੍ਰਭਤਾ ਕੈ ਮਦ ਮੈ
ਅਹਿਨਿਸਿ ਰਹੈ ਦਿਵਾਨਾ।।
(ਪੰਨਾ ੬੮੫)

ਪਰ- ਹਉਮੈ ਵਡਾ ਗੁਬਾਰੁ ਹੈ,
ਹਉਮੈ ਵਿਚਿ ਬੁਝਿ ਨ ਸਕੈ ਕੋਇ।।
ਜਿਚਰੁ ਇਹ ਮਨ ਲਹਰੀ ਵਿਚਿ ਹੈ,
ਹਉਮੈ ਬਹੁਤੁ ਅਹੰਕਾਰੁ।।

ਸੋ ਜਿੰਨਾ ਚਿਰ ਮਨ ਲਹਿਰੀਂ ਵਿਚ ਉਛਲਦਾ ਰਹਿੰਦਾ ਹੈ ਉਨਾ ਚਿਰ ਸੰਸਾਰ ਦੀ ਅਸਲ ਖੇਡ ਦੀ ਸੋਝੀ ਪੈਣੀ ਔਖੀ ਹੁੰਦੀ ਹੈ। ਸਮਝ ਪਏ ਬਿਨਾਂ ਭਰਮ ਨਹੀਂ ਜਾਂਦਾ। ਕਿਉਂਕਿ -

ਹਉਮੈ ਵਿਚਿ ਭਗਤਿ ਨ ਹੋਵਈ,
ਹੁਕਮੁ ਨ ਬੁਝਿਆ ਜਾਇ।। (ਪੰਨਾ ੫੬੦)
ਮਾਧਵੇ ਕਿਆ ਕਹੀਐ ਭ੍ਰਮੁ ਐਸਾ।।
ਜੈਸਾ ਮਾਨੀਐ ਹੋਇ ਨ ਤੈਸਾ।।

ਰਜੋ ਗੁਣ ਤਕ ਭਰਮ-ਭੁਲੇਖਾ ਤੁਰਿਆ ਹੀ ਜਾਂਦਾ ਹੈ-

ਜਿਚਰੁ ਦੂਜਾ ਭਰਮੁ ਸਾ ਅੰਮਾਲੀ
ਤਿਚਰੁ ਮੈ ਜਾਣਿਆ ਪ੍ਰਭੁ ਦੂਰੇ।। (ਪੰਨਾ੫੬੪)

ਭਰਮ ਨਾਮ ਹੈ ਸ਼ੰਸੇ ਦਾ, (doubt) ਖਬਰੇ ਕੌਣ ਠੀਕ ਹੈ ? ਭਾਰਤੀ ਧਰਮ-ਗ੍ਰੰਥ ਠੀਕ ਹਨ, ਕਿ ਗੁਰਬਾਣੀ ਠੀਕ ਹੈ ? ਕੀ ਬਾਈਬਲ ਜਾਂ ਕੁਰਾਨ ਠੀਕ ਨਹੀਂ ? ਜਿਹੜੇ ਨਾਸਤਕ ਹਨ ਜਾਂ ਨਾਸਤਕ ਧਰਮ ਹਨ, ਕੀ ਉਹ ਗ਼ਲਤ ਹੋ ਸਕਦੇ ਹਨ ? ਕੀ ਡੇਰੇ ਵਾਲੇ ਸਾਧ ਗ਼ਲਤ ਹਨ ? ਕੀ ਦੇਵੀ ਦੇਵਤੇ ਗ਼ਲਤ ਹਨ ? ਆਦਿ ਅਨੇਕਾਂ ਪ੍ਰਸ਼ਨ, ਅਨੇਕਾਂ ਸੰਸੇ ਰਜੋ ਗੁਣ ਵਿਚ ਉਠਣੇ ਸੁਭਾਵਿਕ ਹਨ। ਮਨ ਡਕੇ-ਡੋਲੇ ਖਾਂਦਾ ਹੀ ਰਹਿੰਦਾ ਹੈ। ਦੁਖ ਵੇਲੇ, ਖ਼ਾਸ ਕਰ ਕਦੀ ਦਵਾ ਵੱਲ ਜ਼ੋਰ ਹੁੰਦਾ ਹੈ ਤੇ ਕਦੀ ਦੁਆ ਵਲ। ਰਾਜ਼ੀ ਹੋਣ ਤੇ ਇਹ ਨਿਰਣਾ ਕਰਨਾ ਕਠਿਨ ਹੋ ਜਾਂਦਾ ਹੈ ਕਿ ਦੁਆ ਨਾਲ ਆਰਾਮ ਆਇਆ ਸੀ ਕਿ ਦਵਾ ਨਾਲ।

ਸੰਸਾ ਇਹੁ ਸੰਸਾਰੁ ਹੈ,
ਸੁਤਿਆ ਰੈਣਿ ਵਿਹਾਇ।। (ਪੰਨਾ ੩੬)

ਇਕ ਅਖਾਣ ਹੈ *'ਰਬ ਨੇੜੇ ਹੈ ਕਿ ਘਸੁੰਨ'*। ਰਜੋ ਗੁਣੀ ਅਵਸਥਾ ਵਿਚ ਘਸੁੰਨ ਹੀ ਨੇੜੇ ਭਾਸਦਾ ਹੈ। ਭਾਵੇਂ ਗੁਰਬਾਣੀ ਥਾਂ ਥਾਂ ਪੁਕਾਰ ਪੁਕਾਰ ਕਹਿ ਰਹੀ ਹੈ -

"ਨੇੜਾ ਹੈ, ਦੂਰਿ ਨ ਜਾਣਿਅਹੁ,
ਨਿਤ ਸਾਰੇ ਸੰਮਾਲੇ।। (ਪੰਨਾ ੪੮੯)

ਪਰ ਸਾਡੀ ਅਵਸਥਾ ਹੁੰਦੀ ਹੈ ਭੁਲਣ ਦੀ, ਉਸ ਮਾਲਕ ਦੀ ਹੋਂਦ ਦਾ ਸੁਭਾ ਅਜੇ ਪੱਕਾ ਨਹੀ ਹੁੰਦਾ, ਜਿਸ ਕਰ ਕੇ ਅਸੀਂ ਘੜੀ ਘੜੀ ਭੁਲਦੇ ਹਾਂ-

ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ।।
ਪਿਰਿ ਛੋਡਿਅੜੀ ਸੁਤੀ,
ਪਿਰ ਕੀ ਸਾਰ ਨ ਜਾਣੀ।। (ਪੰਨਾ ੧੧੧੧)

ਭਰਮ-ਭੁਲਾਵਾ ਹੋਣ ਕਰਕੇ ਅਸੀਂ ਪੂਰੀ ਤਰ੍ਹਾਂ ਧਾਰਮਕ ਭੀ ਨਹੀਂ ਬਣ ਸਕਦੇ। ਕਿਉਂਕਿ ਸਾਨੂੰ ਅਜੇ ਪਰਤੀਤ ਜਾਂ ਨਿਸਚਾ ਨਹੀਂ ਬਝਦਾ।

ਵਿਸ਼ਵਾਸ ਦੀ ਢਿਲਿਆਈ ਹੋਣ ਕਰਕੇ ਮਨਮੁਖ ਬਣੇ ਰਹਿੰਦੇ ਹਾਂ। ਤੀਰਥਾਂ ਤੇ ਭੀ ਜਾ ਆਉਂਦੇ ਹਾਂ, ਮੰਦਰਾਂ ਦੇ ਟਲ ਭੀ ਖੜਕਾ ਆਉਂਦੇ ਹਾਂ, ਗੁਰਦੁਆਰੇ ਜਾਂ ਗਿਰਜੇ ਭੀ ਅਠਵੇਂ ਦਿਨ ਰੱਬ (ਜੇ ਹੈ ਤਾਂ) ਦਾ ਉਲਾਂਭਾ ਲਾਹ ਆਉਂਦੇ ਹਾਂ। ਪਾਠ ਪੂਜਾ ਕਰਨੀ ਅਸੀਂ ਰੱਬ ਦੀ ਖ਼ੁਸ਼ਾਮਦੀ ਦਾ ਸਾਧਨ ਸਮਝਦੇ ਹਾਂ। ਅਤੇ ਰੱਬ ਨੂੰ ਇਕ ਬਹੁਤ ਵੱਡਾ


www.AKJ.Org

ਖ਼ੁਸ਼ਾਮਦ-ਪਸੰਦ-

ਹਉਮੈ ਕਰੀ ਤਾ ਤੂ ਨਾਹੀ,
ਤੂ ਹੋਵਹਿ ਹਉ ਨਾਹਿ।।
ਬੂਝਹੁ ਗਿਆਨੀ ਬੂਝਣਾ
ਏਹ ਅਕਥ ਕਥਾ ਮਨ ਮਾਹਿ।। (੧੦੯੨)

ਇਸ ਲਈ ਅਸੀਂ ਜੋ ਕੁਝ ਭੀ ਧਰਮ-ਅਰਥ ਕਰਦੇ ਹਾਂ, ਖੁਭ ਕੇ ਨਹੀਂ ਕਰਦੇ। ਇਸ ਵਿਚ ਪਖੰਡ ਜਾਂ ਭੇਖ ਕਰਨ ਦੀ ਬੜੀ ਗੁੰਜਾਇਸ਼ ਹੁੰਦੀ ਹੈ।

ਰਜੋ ਮਨੁੱਖ ਧਾਰਿਮਕ ਦਿਸਦਾ ਹੋਇਆ ਭੀ ਧਾਰਿਮਕ ਨਹੀਂ ਹੋਵੇਗਾ। ਅਜ ਦੇ ਸਮੇਂ ਥਾਂ ਥਾਂ ਬਣ ਬਣ ਬੈਠਣ ਵਾਲੇ ਦੰਭੀ ਸਾਧ ਰਜੋ ਗੁਣੀ ਮਨੁੱਖ ਹੀ ਹਨ, ਜੋ ਆਪਣਾ ਆਪ ਸਾਥੋਂ ਲੁਕਾ ਕੇ ਰਖਦੇ ਹਨ।

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ,
ਸੇ ਕੂੜਿਆਰ ਕੂੜੇ ਝੜਿ ਪੜੀਐ।। (ਪੰਨਾ ੩੦)

ਇਥੋ ਹੀ ਗੁਰਸਿਖਾਂ ਨੂੰ ਸਾਵਧਾਨ ਕੀਤਾ ਗਿਆ। ਇਹੋ ਜਿਹੇ ਸਾਧਾਂ, ਸੰਤਾਂ ਤੋਂ, ਜੋ-

ਵਿਣੁ ਸਤਿਗੁਰ ਕੇ ਹੁਕਮੈ ਜਿ
ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ,
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ।।
(ਪੰਨਾ ੩੧੭)

ਪੁੰਨਾ : ਭਗਤਿ ਕਰਹਿ ਮੂਰਖ ਆਪ ਜਣਾਵਹਿ ।।(ਪੰਨਾ੧੫੯)

ਜਾਂ ਦਸਵੇਂ ਪਾਤਸ਼ਾਹ ਜੀ ਦੇ ਚਿਤਾਵਨੀ ਭਰੇ ਫ਼ੁਰਮਾਨ ਅਨੁਸਾਰ-

ਜੋ ਜੋ ਤਨਿਕ ਭਇਓ ਜਗ ਸਿਆਨਾ।।
ਤਿਨ ਤਿਠ ਆਪਨਾ ਰਾਹ ਚਲਾਨਾ।।
ਪਾਰਬ੍ਰਹਮ ਕਿਨਹੂੰ ਨ ਪਛਾਨਾ।।

ਇਹ ਤਾਂ ਵੱਡੇ ਵੱਡੇ ਭੇਖੀ ਸਾਧੂਆਂ ਦੀ ਗੱਲ ਹੋਈ ਪਰ ਜਨ-ਸਾਧਾਰਨ ਦੇ ਪੱਧਰ ਤੇ, ਅਕਾਲ ਪੁਰਖ ਦੀ ਟੇਕ ਨਾ ਹੋਣ ਕਰ ਕੇ ਭਗਤੀ ਕਰਨ ਦਾ ਜੋ ਵਿਖਾਵਾ ਕੀਤਾ ਜਾਂਦਾ ਹੈ, ਦਿਲਚਸਪ ਹੈ। ਪਾਠ-ਪੂਜਾ ਭੀ ਕਰਨੀ, ਪਰ ਕਿਰਤ ਕਮਾਈ ਠੀਕ ਨਾ ਕਰਨੀ। ਭਗਤੀ ਭੀ ਕਰਨੀ ਪਰ ਸੰਸਾਰੀ ਬਣ ਕੇ ਹਰ ਤਰ੍ਹਾਂ ਦੇ ਪਾਪੜ ਭੀ ਵੇਲਣੇ ਪ੍ਰਭੂ ਨਿਕਟ ਹੈ, ਪਰ ਦੂਰ ਜਾਣਨ ਕਰਕੇ ਮਨੁਖ ਜੋ ਕੰਮ ਕਰਦਾ ਹੈ, ਉਨ੍ਹਾਂ ਤੋਂ ਉਸ ਦੇ ਭਰਮ ਜਾਂ ਸ਼ੰਕੇ ਦੀ ਝਲਕ ਪੈਂਦੀ ਹੈ।

ਨਿਕਟਿ ਬੂਝੈ ਸੋ ਬੁਰਾ ਕਿਉ ਕਰੈ।।
ਬਿਖੁ ਸੰਚੈ ਨਿਤ ਡਰਤਾ ਫਿਰੈ।।
ਹੈ ਨਿਕਟ ਅਰੁ ਭੇਦ ਨ ਪਾਇਆ।।
ਬਿਨੁ ਸਤਿਗੁਰ ਸਭ ਮੋਹੀ ਮਾਇਆ।।੧।।
ਨੇੜੈ ਨੇੜੈ ਸਭੁ ਕੋ ਕਹੈ।।
ਗੁਰਮੁਖਿ ਭੇਦੁ ਵਿਰਲਾ ਕੋ ਲਹੈ।।੧।। ਰਹਾਉ।।
ਨਿਕਟਿ ਨ ਦੇਖੈ ਪਰਗ੍ਰਿਹਿ ਜਾਇ।।
ਦਰਬ ਹਿਰੈ ਮਿਥਿਆ ਕਰਿ ਖਾਇ।।
ਪਈ ਠਗਉਰੀ ਹਰਿ ਸੰਗਿ ਨ ਜਾਨਿਆ।।
ਬਾਝੁ ਗੁਰੂ ਹੈ ਭਰਮਿ ਭੁਲਾਨਿਆ।।੨।।
ਨਿਕਟਿ ਨ ਜਾਨੈ ਬੋਲੈ ਕੂੜੁ।।
ਮਾਇਆ ਮੋਹਿ ਮੂਠਾ ਹੈ ਮੂੜੁ।।
ਅੰਤਰਿ ਵਸਤੁ ਦਿਸੰਤਰਿ ਜਾਇ।।
ਬਾਝੁ ਗੁਰੂ ਹੈ ਭਰਮਿ ਭੁਲਾਇ।।੩।।
ਜਿਸੁ ਮਸਤਕ ਕਰਮੁ ਲਿਖਿਆ ਲਿਲਾਟ।।
ਸਤਿਗੁਰੁ ਸੇਵੇ ਖੁਲੇ ਕਪਾਟ।।
ਅੰਤਰਿ ਬਾਹਰਿ ਨਿਕਟੇ ਸੋਇ।।
ਜਨ ਨਾਨਕ ਆਵੈ ਨ ਜਾਵੈ ਕੋਇ।।੪।।
(ਭੈਰਉ ਮ: ੫, ਪੰਨਾ ੧੧੩੯)

ਮੁਕਦੀ ਗਲ ਇਹ ਹੈ ਕਿ ਬਿਨਾ ਸਤਿਗੁਰੂ ਦੀ ਸਰਨ ਪਿਆਂ, ਆਪਣੀ ਚਤੁਰਾਈ ਸਿਆਣਪ ਛਡਿਆਂ, ਆਪਣਾ ਮਾਨ ਅਭਿਮਾਨ ਤਿਆਗਿਆ, ਪਾਰ ਨਹੀਂ ਪਿਆ ਜਾ ਸਕਦਾ। ਸੁਭਾਅ ਕੋਈ ਅਜਿਹੀਂ ਚੀਜ਼ ਨਹੀਂ ਜਿਹੜੀ ਨਾ ਬਦਲੀ ਜਾ ਸਕੇ। ਸੁਭਾਅ ਬਦਲਣ ਦਾ ਤਰੀਕਾ ਅੰਮ੍ਰਿਤ ਛਕ, ਤਿਆਰ ਬਰ ਤਿਆਰ ਹੋ ਕੇ ਨਾਮ ਜਪਣ ਲਈ ਸਚੇ ਦਿਲੋਂ ਜੁਟਣਾ ਹੀ ਗੁਰਬਾਣੀ ਅੰਦਰ ਦਰਸਾਇਆ ਗਿਆ ਹੈ। ਕਈ ਵਾਰ ਇਹ ਸ਼ੰਕਾ ਮਨ ਵਿਚ ਉਠਦੀ ਹੈ ਕਿ ਐਨੇ ਐਨੇ ਬਰਸ ਹੋ ਗਏ ਜਾਪ ਜਪਦਿਆ, ਅੰਮ੍ਰਿਤ ਪਾਨ ਕੀਤਿਆਂ,ਪਰ ਅਜੇ ਸੁਭਾਅ ਨਹੀਂ ਬਦਲੇ, ਅਜੇ 'ਨਿਕਟ' ਨਹੀਂ ਭਾਸਿਆ। ਇਸ ਦਾ ਕਾਰਨ ਇਹੋ ਹੋ ਸਕਦਾ ਹੈ ਕਿ ਜਾਂ ਤਾਂ ਸਾਡੇ ਸਾਧਨਾਂ ਵਿਚ ਅਜੇ ਕੋਈ ਊਣਤਾਈ ਹੈ, ਜੇ ਊਣਤਾਈ ਨਹੀਂ ਤਾਂ ਆਪਣੇ ਕੀਤੇ ਕਰਮ ਦਾ ਮਾਣ ਜ਼ਰੂਰ ਹੈ। ਗੁਰਮਤਿ ਤਾਂ ਨਦਰੀ' ਦੀ ਨਦਰ ਦੀ ਉਡੀਕ ਕਰਨ ਦੀ ਸਿਫ਼ਾਰਸ਼ ਕਰਦੀ ਹੈ। ਸਾਹਿਬ ਤਾਂ ਨੇੜੇ ਹੈ, ਕਸਰ ਸਾਡੀ ਨੀਅਤ ਵਿਚ ਹੈ।

ਮਿਲਦਿਆ ਦਿਲ ਨ ਹੋਵਈ,
ਜੋ ਨੀਅਤ ਰਾਸੁ ਕਰੇ।।

ਗੱਲ ਇਹ ਹੈ ਕਿ ਰਜੋ ਗੁਣ ਅਜੇ ਦੂਜੀ ਪਉੜੀ ਹੈ (ਹੇਠਾਂ ਤੋਂ), ਜਿਸ ਵਿਚ ਮਾਇਆ ਦਾ ਤਕੜਾ ਗ਼ਲਬਾ, ਜਾਂ ਪੜਦਾ ਛਾਇਆ ਹੋਇਆ ਹੁੰਦਾ ਹੈ। ਇਹ ਤਾਂ ਸਤਿਗੁਰੂ ਸਚੇ ਪਾਤਸ਼ਾਹ ਦੀ ਮੇਹਰ ਸਦਕਾ ਹੀ ਹੌਲੀ ਹੌਲੀ ਦੂਰ ਹੋਣਾ ਹੈ। ਕਿਤੇ ਚਉਥੇ ਪਦ ਵਿਚ ਜਾ ਕੇ ਮਾਇਆ-ਜਾਲ ਟੁਟਣਾ ਹੈ। ਯਥਾ ਗੁਰਵਾਕ :-

ਰਜ ਤਮ ਸਤ ਕਲ ਤੇਰੀ ਛਾਇਆ।।
ਜਨਮ ਮਰਣ ਹਉਮੈ ਦੁਖੁ ਪਾਇਆ।।
ਜਿਸਨੋ ਕ੍ਰਿਪਾ ਕਰੇ ਹਰਿ ਗੁਰਮੁਖਿ,
ਗੁਣਿ ਚਉਥੈ ਮੁਕਤਿ ਕਰਾਇਦਾ।।
(ਮਾਰੂ ਮ: ੧, ਪੰਨਾ੧੦੩੮)


www.AKJ.Org

# ਮਾਸੁ ਖਾਨਿ ਗਲ ਵੱਢ ਕੈ, ਹਾਲੁ ਤਿਨਾੜਾ ਕਉਣੁ ਹੋਵਸੀ ?

ਭਾਈ ਗੁਰਦਾਸ ਜੀ ਦਾ ਉਪਰੋਕਤ ਕਥਨ ਪ੍ਰਾਣੀਆਂ ਨਾਲ ਵਾਪਰਨ ਵਾਲੀ ਦਸ਼ਾ ਬਿਆਨ ਕਰਦਾ ਹੈ ਜਿਹੜੇ ਜੀਵਾਂ ਦਾ ਗਲ ਵਢ ਕੇ ਉਨ੍ਹਾਂ ਦਾ ਮਾਸ ਖਾਂਦੇ ਹਨ। ਅਜਿਹੇ ਪ੍ਰਾਣੀਆਂ ਨਾਲ ਵਾਪਰਨ ਵਾਲੀ ਦਸ਼ਾ ਨੂੰ ਭਾਈ ਸਾਹਿਬ ਨੇ ਪਰਤੱਖ ਪੇਖ ਕੇ ਹੀ ਤਰਸ ਵਿਚ ਆ ਕੇ ਇਉਂ ਉਚਾਰਿਆ ਹੈ ਕਿ ਉਨ੍ਹਾਂ ਦਾ ਕੀ ਹਾਲ ਹੋਵੇਗਾ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਜੀ ਨੇ ਜੀਵਾਂ ਨੂੰ ਕੋਹ-ਕੁਠ ਕੇ ਮਾਰਨ ਤੇ ਉਨ੍ਹਾਂ ਦਾ ਮਾਸ ਭਖਣ-ਹਾਰਿਆਂ ਦਾ ਮੰਦਾ ਹਾਲ ਹੁੰਦਾ ਵੇਖਿਆ ਹੈ।

ਅਸੰਖ ਗਲਵਢ ਹਤਿਆ ਕਮਾਹਿ॥
ਅਸੰਖ ਪਾਪੀ ਪਾਪੁ ਕਰਿ ਜਾਹਿ॥

ਜੀਵਾਂ ਦਾ ਗਲ ਵਢਣਾ ਹਤਿਆ ਕਮਾਉਣਾ ਹੈ ਤੇ ਜੀਵ-ਹੱਤਿਆ ਕਰਨੀ ਘੋਰ ਪਾਪ ਹੈ। ਆਪਣੇ ਬੱਚਿਆਂ ਦੇ ਤਾਂ ਸਿਰਵਾਰਨੇ ਕਰਨੇ ਅਤੇ ਸਿਰ-ਸਦਕੇ ਦੇਣੇ, ਪਰ ਬੇ-ਜ਼ਬਾਨਾਂ ਦੇ ਬੱਚਿਆਂ ਦੇ ਸਿਰ ਵਢ ਵਢ ਕੇ ਖਾਣੇ ਕਿਥੋਂ ਦਾ ਇਨਸਾਫ਼ ਹੈ ? ਅਸ਼ਰਫ਼ਲ ਮਖ਼ਲੂਕਾਤ ਹੋਣ ਦੇ ਨਾਤੇ ਇਨਸਾਨ ਦਾ ਫ਼ਰਜ਼ ਬਣਦਾ ਹੈ ਕਿ ਮਨੁੱਖ ਮਾਤਰ ਨਾਲ ਹੀ ਨਹੀਂ, ਸਗੋਂ ਸਿਰਜਨਹਾਰ ਦੀ ਸਾਰੀ ਕਾਇਨਾਤ (ਸਭ ਜੀਅ ਜੰਤ) ਨਾਲ ਪੂਰਨ ਨਿਆਂ ਕਰੇ। ਪਰ ਮਨੁੱਖ ਦਾ ਖ਼ਾਸਾ ਹੈ ਕਿ ਉਹ ਤਕੜੇ ਤੋਂ ਤਾਂ ਡਰਦਾ ਹੈ, ਅਤੇ ਮਾੜੇ ਉਪਰ ਜ਼ੁਲਮ ਕਰਦਾ ਹੈ। ਇਹ ਦੋਵੇਂ ਹਾਲਤਾਂ ਹੀ ਨਿੰਦਨੀਜ ਹਨ, ਕਿਉਂਕਿ ਗੁਰਮਤਿ ਇਹ ਸਿਖਾਉਂਦੀ ਹੈ ਕਿ-

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥
(ਪੰਨਾ ੧੪੨੭)

ਗੁਰਬਾਣੀ ਅੰਦਰ ਮਾਸ ਖਾਣ ਦੇ ਵਿਰੁੱਧ ਅਨੇਕਾਂ ਗੁਰਹੁਕਮ ਮਿਲਦੇ ਹਨ, ਪਰ ਖਾਣ ਦੇ ਹੱਕ ਵਿੱਚ ਇਕ ਭੀ ਨਹੀਂ। ਯਥਾ ਗੁਰਵਾਕ-

– ਜੀਅ ਬਧਹੁ ਸੁ ਧਰਮੁ ਕਰਿ ਥਾਪਹੁ
ਅਧਰਮੁ ਕਹਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ,
ਕਾ ਕਉ ਕਹਹੁ ਕਸਾਈ॥੨॥
(ਮਾਰੂ ਕਬੀਰ ਜੀ, ੧੧੦੨)

– ਕਬੀਰ, ਭਾਂਗ ਮਾਛੁਲੀ ਸੁਰਾ ਪਾਨਿ,
ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ,
ਤੇ ਸਭੈ ਰਸਾਤਲ ਜਾਂਹਿ॥੨੩੩॥ (ਭਾਂਗ-ਮਾਸ)

– ਕਬੀਰ, ਜੋਰੁ ਕੀਆ ਸੋ ਜੁਲਮੁ ਹੈ,
ਲੇਇ ਜਬਾਬੁ ਖੁਦਾਇ
ਦਫਤਰ ਲੇਖਾ ਨੀਕਸੈ,
ਮਾਰ ਮੁਹੈ ਮੁਹਿ ਖਾਇ॥੨੦੦॥

ਕਬੀਰ ਖੂਬੁ ਖਾਨਾ ਖੀਚਰੀ,
ਜਾ ਮਹਿ ਅੰਮ੍ਰਿਤੁ ਲੋਨੁ॥
ਹੇਰਾ ਰੋਟੀ ਕਾਰਨੇ, ਗਲਾ ਕਟਾਵੈ ਕਉਨੁ॥
(ਹੇਰਾ-ਸ਼ਿਕਾਰ ਕੀਤਾ ਮਾਸ) (ਸਲੋਕ ਕਬੀਰ ਜੀ)

ਹਸਿ ਹਸਿ ਬੋਲੈ ਕੁਹੀਦੀ,
ਖਾਧੈ ਅਕੁ ਹਾਲ ਇਹੁ ਹੋਆ॥
ਮਾਸ ਖਾਨ ਗਲ ਛੁਰੀ ਦੇ,
ਹਾਲ ਤਿਨਾੜਾ ਕਉਣੁ ਅਲੋਆ॥
(ਕੁਹੀਦੀ-ਕੋਹੀ ਜਾ ਰਹੀ ਬਕਰੀ)
(ਵਾਰਾਂ ਭਾਈ ਗੁਰਦਾਸ, ਵਾਰ ੩੭,੨੧)

ਜੇ ਕਸਾਈ ਉਧਰਿਆ,
ਜੀਆ ਘਾਇ ਨ ਖਾਈਐ ਭੰਗਾ॥
(ਜੀਆਂ ਨੂੰ ਮਾਰ ਕੇ ਮਾਸ ਨ ਖਾਈਏ)
(ਵਾਰ ੩੧, ਪਉੜੀ ੯)

ਜੀਆਂ ਕੁਹਤ ਨ ਸੰਗੈ ਪਰਾਣੀ॥
(ਗਉੜੀ ਮ: ੫, ੨੦੧)

ਇਸੇ ਤਰ੍ਹਾਂ ਦੇ ਹੋਰ ਕਈ ਹੁਕਮ ਗੁਰਬਾਣੀ ਵਿਚ ਵੇਖੇ ਜਾ ਸਕਦੇ ਹਨ। ਗੁਰਬਾਣੀ ਸਾਫ਼ ਤੇ ਸਪੱਸ਼ਟ ਨਿਰਣਾ ਕਰਦੀ ਹੈ ਕਿ ਜੀਭ ਦੇ ਸੁਆਦ ਤੇ ਚਸਕੇ ਦੀ ਖ਼ਾਤਰ ਜੀਵਾਂ ਨੂੰ ਮਾਰ ਕੇ ਖਾਣਾ ਬਜਰ ਪਾਪ ਹੈ, ਕਿਉਂ ਜੁ ਇਸ ਦਾ ਲੇਖਾ ਅਗਲੀ ਦਰਗਾਹ ਵਿਚ ਦੇਣਾ ਪੈਂਦਾ ਹੈ। *"ਗੁਰਮਤਿ ਰਹਿਤ ਮਰਯਾਦਾ"* ਪੁਸਤਕ ਵਿਚ ਸੰਤ ਗਿ: ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ ਲਿਖਦੇ ਹਨ-

"ਜੋ ਕਿਸੇ ਮਾਸ ਨੂੰ ਖਾਂਦਾ ਹੈ, ਉਸ ਦੀ ਪਸ਼ੂ ਵਰਗੀ ਬੁੱਧੀ ਹੁੰਦੀ ਹੈ। ਜਿਸ ਮਾਸ ਨੂੰ ਖਾਂਦਾ ਹੈ, ਤੇ ਉਸ ਜੂਨ ਵਿਚ ਪੈਣਾ ਪੈਂਦਾ ਹੈ। ਦਿਲ ਪ੍ਰੇਮ ਤੋਂ ਖਾਲੀ ਰਹਿੰਦਾ ਹੈ ਤੇ ਮਨ ਪੁਸ਼ਟ ਹੋ ਕੇ ਭੋਗਾਂ ਨੂੰ ਬਹੁਤ ਚਾਹੁੰਦਾ ਹੈ, ਇਸ ਕਰਕੇ ਮਾਸ ਦਾ ਨਿਖੇਧ ਕੀਤਾ ਹੈ।......ਪਰ ਮਾਸ ਖਾਣੇ ਕਰਕੇ ਬਾਣੀ ਪੜ੍ਹਨ ਤੋਂ ਮਨ ਆਲਸ ਕਰਦਾ ਹੈ ਤੇ ਵਿਕਾਰ ਫੁਰਦੇ ਹਨ, ਤੇ ਦੂਜਾ ਪਾਪ ਪੁੰਨ ਦਾ ਭੋਗੀ, ਜੋ ਕਰੇਗਾ ਸੋ ਭਰੇਗਾ। ਜੋ ਕਤਲ ਕਰੇਗਾ ਸੋ ਕਤਲ ਹੋਵੇਗਾ। ਜੋ ਰਖਿਆ ਕਰੇਗਾ ਉਸ ਦੀ ਰਖਿਆ ਹੋਵੇਗੀ। ਸਧਨੇ ਕਸਾਈ ਦੀ ਸਾਖੀ ਹੈ, ਜਿਵੇਂ-

*'ਮਹਾ ਕਸਾਬਿ ਛੁਰੀ ਸਟਿ ਪਾਈ'* ਜੋ ਗੁਰੂ ਕੇ ਸਿਖ ਭਜਨ ਸਿਮਰਨ ਵਿਚ ਰਹਿਣ ਵਾਲੇ ਹਨ ਉਹ ਸਰੇ

ਸੁਰਾ



www.AKJ.Org

ਪਾਤਸ਼ਾਹ ਜੀ ਦੇ ਕੜਾਹ ਪ੍ਰਸ਼ਾਦ ਨੂੰ ਅੰਮ੍ਰਿਤ ਰੂਪ ਕਰ ਕੇ ਛਕਦੇ ਹਨ। ਉਨ੍ਹਾਂ ਨੂੰ ਕੋਈ ਜ਼ਰੂਰਤ ਨਹੀਂ ਕਿ ਮਾਸ ਛਕਣ। ਉਨਾਂ ਦੀ ਸਰੀਰਕ ਤਾਕਤ ਤੇ ਦਿਲ ਆਦਿ ਵਿਚ ਹੀ ਅੰਮ੍ਰਿਤ ਦੀ ਬਰਕਤ ਕਰ ਕੇ ਕੋਈ ਕਮਜ਼ੋਰੀ ਨਹੀਂ ਹੁੰਦੀ, ਚਿਤ ਕਮਜ਼ੋਰ ਨਹੀਂ ਹੁੰਦਾ, ਬਾਣੀ ਅਤੇ ਅੰਮ੍ਰਿਤ ਦੀ ਬਰਕਤ ਕਰ ਕੇ ਸਾਵਧਾਨੀ ਰਹਿੰਦੀ ਹੈ। ਜਿਵੇਂ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਸਤਾਸੀ ਬਰਸ ਦੀ ਉਮਰ ਵਿਚ ਜੰਗ ਕਰ ਕੇ ਜ਼ਾਲਮ ਨਾਸ ਕੀਤੇ ਤੇ ਮੌਤ ਨੂੰ ਭੀ ਦੂਰ ਕਰ ਦਿਤਾ। ਉਨ੍ਹਾਂ ਵਿਚ ਸਿਰਫ਼ ਬਾਣੀ ਅਤੇ ਅੰਮ੍ਰਿਤ ਦੀ ਸ਼ਕਤੀ ਸੀ। ਮਾਸ ਖਾਣ ਵਾਲਾ ਸਤਾਸੀ ਸਾਲ ਦੀ ਉਮਰ ਵਿਚ ਕਿਵੇਂ ਇੰਨੀ ਬਹਾਦਰੀ ਕਰ ਸਕਦਾ ਹੈ ? ਇਨ੍ਹਾਂ ਨੇ ਕੱਚੇ ਬੇਰ ਖਾ ਖਾ ਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਖੇ, ਜੋ ਚਹੁੰ ਤਖ਼ਤਾਂ ਤੇ ਬਿਰਾਜਮਾਨ ਹਨ। ਕਦੇ ਮਾਸ ਨਹੀਂ ਸੀ ਖਾਧਾ।

ਸਾਡੇ ਇਤਿਹਾਸ ਵਿਚ ਕਾਫ਼ੀ ਮਿਲਾਵਟ ਉਦੋਂ ਹੋਈ ਜਾਪਦੀ ਹੈ ਜਦੋਂ ਖ਼ਾਲਸੇ ਦਾ ਪੱਤਾ ਪੱਤਾ ਵੈਰੀ ਸੀ ਅਤੇ ਖ਼ਾਲਸਾ ਘੋੜਿਆਂ ਦੀਆਂ ਕਾਠੀਆਂ ਤੇ ਹੀ ਦਿਨ-ਕਟੀ ਕਰਦਾ ਸੀ। ਕਈ ਲਿਖਾਰੀਆਂ ਨੇ ਆਪਣੀਆਂ ਕਮਜ਼ੋਰੀਆਂ ਤੇ ਪਰਦਾ ਪਾਉਣ ਖ਼ਾਤਰ ਕਈ ਕੁਝ ਊਲ-ਜਲੂਲ ਲਿਖ ਦਿਤਾ ਤੇ ਕਈ ਮਨ ਘੜਤ ਸਾਖੀਆਂ ਜੋੜ ਲਈਆਂ। ਜੇ ਕੁਝ ਕੁ ਸਾਖੀਆਂ ਮਾਸ ਖਾਣ ਦੇ ਹੱਕ ਵਿਚ ਪਾਈਆਂ ਜਾਂਦੀਆਂ ਹਨ ਤਾਂ ਅਨੇਕਾਂ ਸਾਖੀਆਂ ਤੇ ਸਤਿਗੁਰਾਂ ਦੇ ਕਾਰਨਾਮਿਆਂ ਭਰੇ ਬਿਰਤਾਂਤ ਮਾਸ ਖਾਣ ਦੀ ਸਖ਼ਤ ਨਿਖੇਧੀ ਭਰੇ ਭੀ ਮਿਲਦੇ ਹਨ। ਇਸੇ ਤਰ੍ਹਾਂ ਹੀ ਰਹਿਤਨਾਮੇ ਭੀ ਸ਼ੁਧ ਤੇ ਸਹੀ ਸਰੂਪ ਵਿਚ ਨਹੀਂ ਮਿਲਦੇ। ਭਾਈ ਕਾਨ੍ਹ ਸਿੰਘ ਜੀ ਨਾਭਾ ਕਰਤਾ *'ਮਹਾਨ ਕੋਸ਼'* ਅਤੇ ਪ੍ਰਿੰਸੀਪਲ ਜੋਧ ਸਿੰਘ ਜੀ ਕਰਤਾ *'ਗੁਰਮਤਿ ਨਿਰਣਯ'* ਭੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ। *'ਮਹਾਨ ਕੋਸ਼'* ਵਿਚ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ-

"ਰਹਿਤਨਾਮੇ ਅਨੰਤ ਹਨ, ਜੋ ਪ੍ਰੇਮੀ ਸਿਖਾਂ ਨੇ ਆਪਣੀ ਆਪਣੀ ਬੁਧਿ ਅਤੇ ਨਿਸਚੇ ਅਨੁਸਾਰ ਲਿਖੇ ਹਨ , ਪਰ ਉਨ੍ਹਾਂ ਦੇ ਵਾਕ ਉਹੀ ਮੰਨਣ ਯੋਗ ਹਨ ਜੋ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਨਾਲ ਵਿਰੋਧ ਨਾ ਰਖਦੇ ਹੋਣ।"

ਜੋ ਸਾਖੀਆਂ ਜਾਂ ਰਹਿਤਨਾਮਿਆਂ ਦੇ ਬਚਨ ਗੁਰਬਾਣੀ ਦੇ ਹੁਕਮਾਂ ਨਾਲ ਮੇਲ ਨਹੀਂ ਖਾਂਦੇ ਜਾਂ ਵਿਰੁੱਧ ਹਨ। ਸਭ ਤੋਂ ਵੱਡਾ ਰਹਿਤਨਾਮਾ ਸਿਖ ਲਈ ਗੁਰਬਾਣੀ ਹੀ ਹੈ । ਅਤੇ ਹਰੇਕ ਗੱਲ ਨੂੰ ਪਰਖਣ ਵਾਸਤੇ ਗੁਰਬਾਣੀ ਹੀ ਸਾਡੇ ਵਾਸਤੇ ਕਸਵੱਟੀ ਹੈ। ਗੁਰਬਾਣੀ ਦੀ ਰੋਸ਼ਨੀ ਦੇ ਅਧੀਨ ਇਤਿਹਾਸ ਜਾਂ ਰਹਿਤਨਾਮੇ - ਕਬੂਲਣ ਯੋਗ ਹਨ। ਇਤਿਹਾਸ ਜਾਂ ਰਹਿਤਨਾਮਿਆਂ ਵਿਚੋਂ ਜਿਹੜੀਆਂ ਗੱਲਾਂ ਗੁਰਬਾਣੀ ਰੂਪੀ ਕਸਵੱਟੀ ਤੇ ਪੂਰੀਆਂ ਨਹੀਂ ਉਤਰਦੀਆਂ, ਉਹ ਗਲਤ ਹਨ ਅਤੇ ਕਬੂਲਣ ਯੋਗ ਨਹੀਂ।

## 'ਕੁਠਾ' ਪਦ ਦੀ ਵੀਚਾਰ-

*'ਕੁਠਾ'* ਪਦ ਦੇ ਅਰਥ ਹਨ *'ਕੋਹਿਆ ਹੋਇਆ'*, ਭਾਵ ਮਾਰਿਆ ਹੋਇਆ। ਕਿਸੇ ਜੀਵ ਨੂੰ ਕੋਹ ਕੇ ਪ੍ਰਾਪਤ ਕੀਤਾ ਹੋਇਆ ਮਾਸ ਕੁਠਾ ਹੈ। ਕਿਸੇ ਜੀਵ ਨੂੰ ਭਾਵੇਂ ਕਿਸੇ ਤਰੀਕੇ ਨਾਲ ਵੀ ਮਾਰਿਆ ਜਾਵੇ ਉਹ ਕੋਹਿਆ ਹੀ ਗਿਆ ਹੈ ਤੇ ਉਸ ਦੀ ਜਾਨ ਕੱਢੀ ਹੀ ਗਈ ਹੈ, ਜਾਨ ਆਪਣੇ ਆਪ ਨਹੀਂ ਨਿਕਲ ਗਈ। ਬਸ ਇਹੋ ਹੀ *'ਕੁਠਾ'* ਹੈ। ਕਿਸੇ ਜੀਵ ਦੀ ਜਾਨ ਚਾਹੇ ਮੁਸਲਮਾਨ ਕੱਢਦਾ ਹੈ, ਚਾਹੇ ਹਿੰਦੂ ਕੱਢਦਾ ਹੈ, ਚਾਹੇ ਕੋਈ ਸਿਖ ਕੱਢਦਾ ਹੈ। ਉਹ ਗਲਵਢ ਹਤਿਆ ਕਮਾਉਂਦਾ ਹੈ। ਪਹਿਲਾ ਬਜਰ ਪਾਪ ਜੀਵ ਦੀ ਜਾਨ ਕੱਢਣ ਦਾ ਕੀਤਾ ਗਿਆ, ਉਹ ਭਾਵੇਂ ਹਿੰਦੂ, ਮੁਸਲਮਾਨ ਜਾਂ ਸਿਖ ਕਿਸੇ ਭੀ ਕੀਤਾ, ਇਸ ਪਾਪ ਦੇ ਭਾਗੀ ਸਾਰੇ ਇੱਕ ਸਮਾਨ ਹਨ।

ਦੂਜੇ ਨੰਬਰ ਤੇ ਗਲ ਵਢਣ ਦੇ ਵਖ ਵਖ ਢੰਗ ਹਨ , ਜਿਨ੍ਹਾਂ ਵਿਚ ਥੋੜਾ ਜਿੰਨਾ ਹੀ ਅੰਤਰ ਹੈ । ਮੁਸਲਮਾਨ ਸ਼ਾਹ-ਰਗ ਤੇ ਛੁਰੀ ਰਖ ਕੇ ਹੌਲੀ ਹੌਲੀ ਫੇਰਦੇ ਹਨ ਤੇ ਹਿੰਦੂ ਸਿਖ ਆਦਿ ਕਿਸੇ ਸ਼ਾਸਤਰ ਦੇ ਟੱਕ ਨਾਲ ਪ੍ਰਹਾਰ ਕਰਦੇ ਹਨ। ਜੀਵ ਦੀ ਜਾਨ ਨਾ ਤਾਂ ਸ਼ਾਹ ਰਗ ਨੂੰ ਹੌਲੀ ਹੌਲੀ ਵਢਣ ਨਾਲ ਇਕ-ਦਮ ਨਿਕਲ ਜਾਂਦੀ ਹੈ ਅਤੇ ਨਾ ਹੀ ਸ਼ਾਸਤਰ ਦੇ ਇਕੋ ਟਕ ਨਾਲ ਵਢ ਕੇ ਯਕ-ਦਮ ਨਿਕਲਦੀ ਹੈ। ਸਗੋਂ ਕਤਲ ਕੀਤੇ ਜੀਵ ਦੀ ਦੇਹੀ ਕਿੰਨਾ ਕਿੰਨਾ ਚਿਰ ਤੜਫਦੀ ਰਹਿੰਦੀ ਹੈ ਅਤੇ ਕਈ ਚਿਰ ਪਿਛੋਂ ਜਾਨ ਨਿਕਲ ਕੇ ਦੇਹੀ ਠੰਢੀ ਹੁੰਦੀ ਹੈ। ਭਲਾ ਸੋਚੋ ਕਿ ਵਢਣ ਦੇ ਤਰੀਕਿਆਂ ਵਿਚ ਫ਼ਰਕ ਪੈਣ ਨਾਲ ਜੀਵ ਨੂੰ ਕੀ ਸੁਖ ਮਿਲਿਆ ?

ਜੇ *'ਕਲਮਾ'* ਪੜ੍ਹ ਕੇ ਜ਼ਿਬਾ ਕਰ ਕੇ ਪ੍ਰਾਪਤ ਕੀਤਾ ਮਾਸ ਨਿੰਦਨੀਯ ਅਤੇ ਖਾਣਾ ਬਿਵਰਜਿਤ ਹੈ ਤਾਂ *'ਸਤਿ ਸ੍ਰੀ ਅਕਾਲ'* ਬੋਲ ਕੇ ਝਟਕਾਏ ਜੀਵ ਦਾ ਮਾਸ ਕਿਵੇਂ ਸ਼ਲਾਘਾ ਯੋਗ ਪ੍ਰਵਾਣਿਤ ਹੈ ?

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ,
ਕੋਈ ਨ ਪਕੜੀਐ ਕਿਸੈ ਥਾਇ।। (੪੦੬)

ਅਥਵਾ-

ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤੁ।।
(੧੩੪)

ਇਸ ਭਾਵ ਦੇ ਅਨੇਕਾਂ ਪ੍ਰਮਾਣ ਗੁਰਬਾਣੀ ਅੰਦਰ ਮਿਲਦੇ ਹਨ ਕਿ ਹਰੇਕ ਨੂੰ ਆਪਣੇ ਕੀਤੇ ਕਰਮਾਂ ਦਾ ਲੇਖਾ ਆਪ ਭੁਗਤਣਾ ਪੈਂਦਾ ਹੈ, ਕੋਈ ਇਸ ਲੇਖੇ ਤੋਂ ਬਚ ਨਹੀਂ ਸਕਦਾ। ਕਤਲ ਕਰਨ ਵਾਲੇ ਨੂੰ ਭੀ ਆਪ ਕਤਲ ਹੋਣਾ ਪੈਂਦਾ ਹੈ। ਜਦ ਸਧਨੇ ਕਸਾਈ ਨੂੰ ਅਦਲੇ ਦੇ ਬਦਲੇ ਦੀ ਸੋਝੀ ਪਈ ਤਾਂ *"ਮਹਾ ਕਸਾਬਿ ਛੁਰੀ ਸਟਿ ਪਾਈ"* ਦੇ ਭਾਵ ਅਨੁਸਾਰ ਸਧਨੇ ਨੇ ਛੁਰੀ ਪਰਾਂ ਵਗਾਹ



www.AKJ.Org

ਮਾਰੀ ਅਤੇ ਮਨ ਅਜਿਹਾ ਵੈਰਾਗੀ ਹੋਇਆ ਕਿ ਭਗਤਾਂ ਵਿਚ ਗਿਣਿਆ ਗਿਆ, ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

*'ਗੁਰਮਤਿ ਰਹਿਤ ਮਰਯਾਦਾ'* ਦੇ ਕਰਤਾ ਜੀ *'ਕੁਠਾ'* ਦੇ ਪ੍ਰਕਰਣ ਦੇ ਆਰੰਭ ਵਿੱਚ ਇਉਂ ਲਿਖਦੇ ਹਨ–

*"ਮੁਸਲਮਾਨ ਦੇ ਕਲਮੇ ਵਾਲਾ ਜ਼ਿਬ੍ਹਾ ਕੀਤਾ ਮਾਸ ਨਹੀਂ ਖਾਣਾ ਚਾਹੀਦਾ। ਉਂਜ ਤਾਂ ਮਾਸ ਚੰਗਾ ਨਹੀਂ ਹੈ। ਜੋ ਕਿਸੇ ਮਾਸ ਨੂੰ ਖਾਂਦਾ ਹੈ ਉਸ ਦੀ ਪਸ਼ੂ ਵਰਗੀ ਬੁੱਧੀ ਹੁੰਦੀ ਹੈ। ਜਿਸ ਮਾਸ ਨੂੰ ਖਾਂਦਾ ਹੈ ਉਸ ਜੂਨ ਵਿਚ ਪੈਣਾ ਪੈਂਦਾ ਹੈ।"*

ਉਪਰੋਕਤ ਕਥਨ ਦੇ ਜੇ ਪਹਿਲੇ ਵਾਕ ਅਨੁਸਾਰ ਮੁਸਲਮਾਨ ਦੇ ਕਲਮੇ ਵਾਲਾ ਮਾਸ ਖਾਣਾ ਨਹੀਂ ਚਾਹੀਦਾ ਤਾਂ ਕੀ ਬਗੈਰ ਕਲਮਾ ਪੜ੍ਹੇ ਵਾਲਾ ਮਾਸ ਖਾ ਲੈਣਾ ਚਾਹੀਦਾ ਹੈ ? ਤਾਂ ਉਸ ਨਾਲ ਪਸ਼ੂ ਵਰਗੀ ਬੁੱਧੀ ਨਾ ਹੋਵੇਗੀ ? ਅਤੇ ਉਸ ਇਸ ਤਰ੍ਹਾਂ ਜਿਸ ਮਾਸ ਨੂੰ ਖਾਵੇਗਾ ਉਸ ਜੂਨ ਵਿਚ ਨਾ ਪੈਣਾ ਪਵੇਗਾ ? ਕਰਤਾ ਜੀ ਦੇ ਉਪਰੋਕਤ ਵਾਕਾਂ ਵਿਚ ਦੋ ਸ੍ਵੈ-ਵਿਰੋਧੀ ਪੱਖ ਹਨ। ਪਿਛਲੇ ਵਾਕਾਂ ਅਨੁਸਾਰ ਪਹਿਲੇ ਵਾਕ ਦੀ ਕੋਈ ਕੀਮਤ ਹੀ ਨਹੀਂ ਰਹਿ ਜਾਂਦੀ। ਜਦ ਕਿ (ਕੋਈ ਭੀ) ਮਾਸ ਖਾਣਾ ਚੰਗਾ ਨਹੀਂ ਹੈ।

ਅਗੇ ਜਾ ਕੇ ਕਰਤਾ ਜੀ ਲਿਖਦੇ ਹਨ ਕਿ–

"ਮੁਸਲਮਾਨਾਂ ਦੀ ਇੰਨੀ ਪੋਠੋਹਾਰ ਵਿਚ ਸ਼ਰ੍ਹਾ ਸੀ, ਜੋ ਕਿਸੇ ਕੁੱਕੜੀ ਮਰਵਾਉਣੀ ਹੋਵੇ, ਬਕਰਾ ਮਰਵਾਉਣਾ ਹੋਵੇ, ਮੁਸਲਮਾਨ ਹਲਾਲ ਕਰਦੇ ਸਨ ਕਲਮਾ ਪੜ੍ਹ ਕੇ, ਤੇ ਫਿਰ ਉਹ ਖਾਂਦੇ ਸੀ। ਸਤਿਗੁਰੂ ਸਾਹਿਬ ਮਹਾਰਾਜ ਸਾਹਿਬ ਨੇ ਇਸ ਗੱਲ ਤੋਂ ਬਿਵਰਜਤ ਕੀਤਾ ਹੈ। ਸਿੱਖਾਂ ਨੇ ਉਸ ਦਾ ਉਤਰ ਦੇਣ ਵਾਸਤੇ ਝਟਕਾ ਬਣਾਇਆ ਹੈ।"

ਇਨ੍ਹਾਂ ਵਾਕਾਂ ਵਿਚ ਕਰਤਾ ਜੀ ਨੇ ਕਿਸ ਹੁਕਮ ਦੀ ਰੌਸ਼ਨੀ ਵਿਚ ਇਹ ਗੱਲ ਸਿਧ ਕੀਤੀ ਹੈ ਕਿ ਸਤਿਗੁਰੂ ਸਾਹਿਬ ਨੇ ਇਸ ਗੱਲ ਤੋਂ ਬਿਵਰਜਤ ਕੀਤਾ ਹੈ। ਜੇ ਸਿਖਾਂ ਨੇ ਉਸ (ਹਲਾਲ) ਦਾ ਉਤਰ ਦੇਣ ਵਾਸਤੇ ਝਟਕਾ ਬਣਾਇਆ ਹੈ ਤਾਂ ਨਿਰੀ ਈਰਖਾ ਹੀ ਖ਼ੀਦੀ ਹੈ, ਅਤੇ ਕਰਤਾ ਜੀ ਦੇ ਕਥਨ ਅਨੁਸਾਰ ਅਜਿਹਾ ਈਰਖਾਲੂ ਵਤੀਰਾ ਅਪਨਾ ਕੇ ਚੌਰਾਸੀ ਦੇ ਗੇੜ ਵਿਚ ਪੈਣ ਵਾਲਾ ਰਸਤਾ ਹੀ ਅਖ਼ਤਿਆਰ ਕੀਤਾ ਹੈ, ਝਟਕਾ ਬਣਾ ਕੇ ਹੋਰ ਕੋਈ ਪੁੰਨ ਧਰਮ ਨਹੀਂ ਕੀਤਾ। ਇਥੋਂ ਇਕ ਗੱਲ ਹੋਰ ਸਿਧ ਹੁੰਦੀ ਹੈ ਕਿ ਝਟਕਾ ਸਿਖਾਂ ਨੇ ਬਣਾਇਆ ਹੈ, ਅਤੇ ਸਤਿਗੁਰੂ ਸਾਹਿਬਾ ਨੇ ਨਹੀਂ! ਸਤਿਗੁਰੂ ਸਾਹਿਬਾਨ ਤਾਂ ਸਗੋਂ ਥਾਂ ਥਾਂ ਜੀਵ-ਹੱਤਿਆ ਤੇ ਮਾਸ ਖਾਣ ਤੋਂ ਵਰਜਦੇ ਹਨ।

**ਰਹਿਤਨਾਮਿਆਂ ਦਾ ਆਸਰਾ–**

*'ਗੁਰਮਤਿ ਰਹਿਤ ਮਰਯਾਦਾ'* ਦੇ ਕਰਤਾ ਜੀ ਲਿਖਦੇ ਹਨ ਕਿ–

*"ਰਹਿਤਨਾਮਿਆਂ ਦੀ ਰੀਤੀ ਅਨੁਸਾਰ 'ਕੁੱਠਾ' ਮੁਸਲਮਾਨਾਂ ਦੇ ਕਲਮੇ ਵਾਲਾ ਤੇ ਕਿਸੇ ਹਿੰਦੂ ਦਾ ਮਾਰਿਆ ਹੋਇਆ, ਜੋ ਸਿਖ ਨੇ ਝਟਕਾ ਨਹੀਂ ਕੀਤਾ ਭਾਵ ਆਪਣੇ ਹੱਥੀਂ ਨਹੀਂ ਮਾਰਿਆ, ਉਸ ਕੁੱਠੇ ਨੂੰ ਖਾਣ ਵਾਲਾ ਚੰਬੀ ਬੱਜਰ ਕੁਰਹਿਤ ਵਾਲਾ ਤਨਖ਼ਾਹੀਆ ਹੈ, ਜੋ ਅੰਮ੍ਰਿਤ ਛਕੇ ਬਿਨਾਂ ਪਾਪ ਉਤਰ ਨਹੀਂ ਸਕਦਾ।"*

ਰਹਿਤਨਾਮਿਆਂ ਵਿਚ ਕੇਵਲ *'ਕੁੱਠਾ ਨਹੀਂ ਖਾਣਾ'* ਦਾ ਜ਼ਿਕਰ ਹੈ। ਨਾ ਹੀ ਉਨ੍ਹਾਂ ਵਿਚ ਮੁਸਲਮਾਨੀ ਕਲਮੇ ਵਾਲੇ ਦਾ, ਨਾ ਹੀ ਕਿਸੇ ਹਿੰਦੂ ਦੇ ਮਾਰੇ ਹੋਏ ਦਾ ਅਤੇ ਨਾ ਹੀ ਝਟਕੇ ਦਾ ਕੋਈ ਜ਼ਿਕਰ ਮਿਲਦਾ ਹੈ। *'ਕੁੱਠਾ ਨਹੀਂ ਖਾਣਾ'* ਵਾਕ ਦੇ ਮਨ-ਘੜਤ ਅਰਥ ਕੀਤੇ ਗਏ ਹੋਏ ਹਨ।

ਰਹਿਤਨਾਮਿਆਂ ਵਿਚ ਹੁਕਮ ਹੈ ਕਿ ਕੁੱਠਾ ਨਹੀਂ ਖਾਣਾ। ਇਸ ਦਾ ਭਾਵ ਹੈ ਕਿ ਮਾਸ ਨਹੀਂ ਖਾਣਾ। ਓਦੋਂ ਝਟਕਾ ਪਰਚਲਤ ਹੀ ਨਹੀਂ ਸੀ ਅਤੇ ਮੁਸਲਮਾਨੀ ਸ਼ਰ੍ਹਾਂ ਵਾਲਾ ਹਲਾਲ ਹੀ ਆਮ ਸੀ, ਜੋ ਹਿੰਦੂ ਵੀ ਖਾਣ ਲੱਗ ਪਏ ਸਨ। ਸੋ ਸਤਿਗੁਰੂ ਜੀ ਨੇ ਸਿਖਾਂ ਨੂੰ ਕੁੱਠਾ (ਮਾਸ ਖਾਣ) ਤੋਂ ਰੋਕਿਆ ਹੈ। ਬਾਅਦ ਵਿਚ ਸਿਖਾਂ ਨੇ ਜੀਭ ਦੇ ਚਸਕੇ ਖਾਤਰ ਅਤੇ ਮੁਸਲਮਾਨਾਂ ਦੀ ਸ਼ਰ੍ਹਾ ਦੇ ਮੁਕਾਬਲੇ ਵਿਚ ਝਟਕਾ ਮਾਸ ਪਰਚਲਤ ਕਰ ਲਿਆ ਜਾਪਦਾ ਹੈ।

ਭਾਈ ਗੁਰਦਾਸ ਜੀ ਨੇ *'ਕੜਾਹ ਪ੍ਰਸ਼ਾਦ'* ਨੂੰ *'ਮਹਾਂ ਪ੍ਰਸ਼ਾਦ'* ਲਿਖਿਆ ਹੈ, ਪਰ ਫਿਟੀ ਹੋਈ ਮੱਤ ਵਾਲੇ ਲੋਕ ਘ੍ਰਿਣਤ ਵਸਤੂ *'ਮਾਸ'* ਨੂੰ *'ਮਹਾਂ ਪ੍ਰਸ਼ਾਦ'* ਆਖਣ ਲਗ ਪਏ। ਕਿਥੇ ਮਹਾਂ ਉਤਮ ਅੰਮ੍ਰਿਤ ਵਸਤੂ ਪੰਚਾ-ਅੰਮ੍ਰਿਤ ਕੜਾਹ ਪ੍ਰਸ਼ਾਦ ਅਤੇ ਕਿਥੇ ਹੱਡ ਮਾਸ ਰਕਤ ਵਰਗੀ ਘ੍ਰਿਣਤ ਤੇ ਦੁਰਗੰਧਤ ਵਸਤੂ ? ਇਸ ਨੂੰ *'ਪ੍ਰਸ਼ਾਦ'* ਕਹਿਣਾ ਮਹਾਂ ਪਾਪ ਹੈ। ਪ੍ਰਸ਼ਾਦ ਤਾਂ ਸਾਹਿਬਾਂ ਦੀ *'ਬਖ਼ਸ਼ਸ਼'* ਹੈ। ਤ੍ਰਿਹਾਵਲ ਦੀ ਸੁਗੰਧੀ ਦੀਆਂ ਲਪਟਾਂ ਨਾਮ ਸਿਮਰਨ ਵਾਲੇ ਸੁਰਤੀਸ਼ਰ ਜਨ ਹੀ ਜਾਣਦੇ ਹਨ ਕਿ ਇਨ੍ਹਾਂ ਲਪਟਾਂ ਤੋਂ ਕਿਵੇਂ ਰਹਿਨੁਮਾਈ ਮਿਲਦੀ ਹੈ।

ਜਿਵੇਂ ਮਾਸ ਦੇ ਚਸ਼ਕੇਬਾਜ਼ ਇਸ ਨੂੰ *'ਮਹਾਂ ਪ੍ਰਸ਼ਾਦ'* ਕਹਿਣ ਲੱਗ ਪਏ ਹਨ ਅਤੇ ਇਹ ਉਤਮ ਸ਼ਬਦ ਗ਼ਲਤ ਅਰਥਾਂ ਵਿਚ ਪਰਚਲਤ ਹੋ ਰਿਹਾ ਹੈ, ਇਸੇ ਤਰ੍ਹਾਂ ਹੀ *'ਝਟਕਾ'* ਸ਼ਬਦ ਭੀ ਗੁਰੂ ਸਾਹਿਬਾਂ ਤੋਂ ਪਿਛੋਂ ਮੁਸਲਮਾਨੀ ਹਲਾਲ ਦੇ ਮੁਕਾਬਲੇ ਵਿਚ ਬਣਾ ਕੇ ਪਰਚਲਤ ਕੀਤਾ ਗਿਆ ਹੈ।

*'ਕੁੱਠਾ'* ਸ਼ਬਦ ਦੇ ਗ਼ਲਤ ਅਰਥ ਪਰਚਲਤ ਹੋਣ ਜਾਣ ਕਾਰਨ ਸਾਡੇ ਕਈ ਟੀਕਾ ਕਾਰ ਵੀ ਭੁਲੇਖੇ ਵਿਚ ਪੈ ਗਏ ਹਨ। ਇਸ ਗ਼ਲਤ ਰੌਸ਼ਨੀ ਦੇ ਅਧੀਨ ਗੁਰਬਾਣੀ ਅੰਦਰ ਮਾਸ ਪ੍ਰਥਾਇ ਆਏ ਹੁਕਮਾਂ ਦੇ ਅਰਥ ਵੀ ਟੀਕਾਕਾਰਾਂ ਨੇ ਮਰੋੜ ਤਰੋੜ ਕੇ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸਮੇਂ ਪ੍ਰਸਿਧ ਟੀਕਾਕਾਰ ਪ੍ਰੋ: ਸਾਹਿਬ ਸਿੰਘ



www.AKJ.Org

ਜੀ ਵੀ ਇਸੇ ਉਲਝਣ ਵਿਚ ਫਸੇ ਹੋਏ ਜਾਪਦੇ ਹਨ। ਉਹ *'ਸਲੋਕ ਕਬੀਰ ਸਟੀਕ'* ਪੁਸਤਕ ਵਿਚ *"ਭਾਗ ਮਾਛੁਲੀ ਸੁਰਾਪਾਨਿ"* ਵਾਲੇ ਸਲੋਕ ਦੇ ਅਰਥ ਕਰਨ ਲਗਿਆਂ ਏਸੀ ਜਿਲ੍ਹਣ ਵਿਚ ਫਸ ਗਏ ਜਾਪਦੇ ਹਨ ਜਿਸ ਵਿਚੋਂ ਨਿਕਲਣ ਦਾ ਜਿਉਂ ਜਿਉਂ ਜਤਨ ਕਰਦੇ ਰਹੇ ਤਿਉਂ ਤਿਉਂ ਵਧੇਰੇ ਫਸਦੇ ਰਹੇ। ਉਨ੍ਹਾਂ ਨੇ ਇਸ ਦੇ ਅਰਥ ਕਰਨ ਤੋਂ ਪਹਿਲਾਂ ਪੁਸਤਕ ਦੇ ਮੁਢਲੇ ਸਫ਼ਿਆਂ ਵਿਚ ਮਾਸ ਦੀ ਵਿਆਖਿਆ ਕਰਦਿਆਂ ਬੜਾ ਕੁਝ ਲਿਖਿਆ ਅਤੇ ਫਿਰ ਅਰਥਾਂ ਵਾਲੀ ਥਾਂ ਤੇ ਇਨ੍ਹਾਂ ਦੋਹਾਂ ਪੰਕਤੀਆਂ ਬਾਰੇ ਕਈ ਸਫ਼ੇ ਲਿਖ ਕੇ ਵੀ ਆਪਣੇ ਮਨ ਦੀ ਤਸੱਲੀ ਨਾ ਕਰ ਸਕੇ। ਉਨ੍ਹਾਂ ਨੇ ਪਿਛਲੇ ਸਲੋਕਾਂ ਨਾਲ ਇਸ ਸਲੋਕ ਦੇ ਅਰਥ ਜੋੜਨ ਦਾ ਨਿਰਾਰਥ ਜਤਨ ਕੀਤਾ ਹੈ ਤੇ ਅਖ਼ੀਰ ਵਿਚ ਸਾਰ ਸਿੱਟਾ ਇਉਂ ਕਢਦੇ ਹਨ-

"ਲਫ਼ਜ਼ ਭਾਂਗ, ਮਾਛੁਲੀ ਅਤੇ ਸੁਰਾ ਤੋਂ ਭਾਵ ਇਹ ਨਹੀਂ ਲੈਣਾ ਕਿ ਕਬੀਰ ਜੀ ਸਿਰਫ਼ ਭੰਗ ਤੇ ਸ਼ਰਾਬ ਤੋਂ ਰੋਕਦੇ ਹਨ, ਤੇ ਪੋਸਤ ਅਫ਼ੀਮ ਦੀ ਮਨਾਹੀ ਨਹੀਂ ਕਰਦੇ। ਇਸੇ ਤਰ੍ਹਾਂ ਇਹ ਗੱਲ ਭੀ ਨਹੀਂ ਕਿ ਇਥੇ ਮੱਛੀ ਖਾਣ ਤੋਂ ਰੋਕ ਰਹੇ ਹਨ। ਸਾਰੇ ਪਰਸੰਗ ਨੂੰ ਰਲਾ ਕੇ ਪੜ੍ਹੋ। ਸਤਸੰਗ ਭੀ ਕਰਨਾ ਤੇ ਵਿਕਾਰ ਭੀ ਕਰੀ ਜਾਣੇ-ਕਬੀਰ ਜੀ ਇਸ ਕੰਮ ਤੋਂ ਵਰਜਦੇ ਹਨ। ਕਾਮੀ ਲੋਕ ਆਮ ਤੌਰ ਤੇ ਸ਼ਰਾਬ ਮਾਸ ਵਰਤ ਕੇ ਕਾਮ-ਵਾਸ਼ਨਾ, ਵਿਭਚਾਰ ਵਿਚ ਪਰਵਿਰਤ ਹੁੰਦੇ ਹਨ ਤੇ ਮੱਛੀ ਦਾ ਮਾਸ ਚੂੰਕਿ ਕਾਮ-ਰੁਚੀ ਵਧੀਕ ਪੈਦਾ ਕਰਨ ਵਿਚ ਪ੍ਰਸਿਧ ਹੈ ਇਸ ਵਾਸਤੇ ਕਬੀਰ ਜੀ ਨੇ ਸ਼ਰਾਬ ਭੰਗ ਮੱਛੀ ਲਫ਼ਜ਼ ਵਰਤੇ ਹਨ।"

ਆਪ ਜੀ ਇਨ੍ਹਾਂ ਤੁਕਾਂ ਦੇ ਅਰਥ ਇਉਂ ਕਰਦੇ ਹਨ-

"ਹੇ ਕਬੀਰ ! ਜੋ ਲੋਕ 'ਭਗਤਨ ਸੇਤੀ ਗੋਸਟੇ' ਕਰ ਕੇ ਤੀਰਥ-ਜਾਤ੍ਰਾ, ਵਰਤ ਨੇਮ ਆਦਿਕ ਭੀ ਕਰਦੇ ਹਨ, ਤੇ ਉਹ ਸ਼ਰਾਬੀ ਲੋਕ ਭੰਗ ਮੱਛੀ ਭੀ ਖਾਂਦੇ ਹਨ (ਭਾਵ, ਸਤਸੰਗ ਵਿਚ ਭੀ ਜਾਂਦੇ ਹਨ ਤੇ ਸ਼ਰਾਬ ਕਬਾਬ ਭੀ ਖਾਂਦੇ ਪੀਂਦੇ ਹਨ, ਵਿਕਾਰ ਭੀ ਕਰਦੇ ਹਨ) ਉਨ੍ਹਾਂ ਦੇ ਉਹ ਤੀਰਥ ਵਰਤ ਆਦਿਕ ਵਾਲੇ ਸਾਰੇ ਕਰਮ ਬਿਲਕੁਲ ਵਿਅਰਥ ਜਾਂਦੇ ਹਨ।੨੩੩।"

ਇਸ ੨੩੩ ਨੰਬਰ ਸਲੋਕ ਦੇ ਭਾਵ ਨੂੰ ਅਗਲੇ ੨੩੪ ਨਾਲ ਜੋੜਨ ਦਾ ਮਨ-ਘੜਤ ਜਤਨ ਕੀਤਾ ਗਿਆ ਹੈ, ਹਾਲਾਂਕਿ ਉਹ ਸਲੋਕ ਬਿਲਕੁਲ ਸੁਤੰਤਰ ਤੇ ਨਿਵੇਕਲੇ ਰੂਪ ਵਿੱਚ ਆਪਣੀ ਥਾਂ ਆਪ ਹੈ। ਉਸ ਸਲੋਕ ਵਿਚ ਪ੍ਰਭੂ-ਰੰਗ ਵਿਚ ਰੰਗੀਜੇ ਜੀਵ ਨੂੰ ਪਿਛਲੇ ਸਲੋਕ ਦੇ ਭਾਵ ਵਿਚ ਲਪੇਟ ਕੇ ਖ਼ਾਹ ਮਖ਼ਾਹ ਬੇਸੁਆਦਾ ਕੀਤਾ ਗਿਆ ਹੈ। ਇਹ ਸਲੋਕ ਇਉਂ ਹੈ-

ਨੀਚੇ ਲੋਇਨ ਕਰਿ ਰਹਉ,
ਲੇ ਸਾਜਨ ਘਟ ਮਾਹਿ।।
ਸਭ ਰਸ ਖੇਲਉ ਪੀਅ ਸਉ,
ਕਿਸੀ ਲਖਾਵਉ ਨਾਹਿ।।੨੩੪।।

ਇਸ ਦੇ ਅਰਥ ਪ੍ਰੋ: ਸਾਹਿਬ ਸਿੰਘ ਜੀ ਇਉਂ ਕਰਦੇ ਹਨ-

"(ਹੇ ਮੇਰੀ ਸਤਿਸੰਗਣ ਸਹੇਲੀਏ ! ਜਦੋਂ ਦੀ ਮੈਨੂੰ *'ਸਾਧ ਸੰਗੁ ਪਰਾਪਤੀ'* ਹੋਈ ਹੈ, ਮੈਂ *'ਭਗਤਨ ਸੇਤੀ ਗੋਸਟੇ'* ਹੀ ਕਰਦੀ ਹਾਂ। ਇਸ *'ਸਾਧੁ ਸੰਗ'* ਦੀ ਬਰਕਤ ਨਾਲ) ਪਿਆਰੇ ਪ੍ਰਭੂ-ਪਤੀ ਨੂੰ ਆਪਣੇ ਹਿਰਦੇ ਵਿਚ ਸਾਂਭ ਕੇ (ਇਨ੍ਹਾਂ *'ਭਾਂਗ, ਮਾਛੁਲੀ ਸੁਰਾਂ'* ਆਦਿਕ ਵਿਕਾਰਾਂ ਵਲੋਂ) ਮੈਂ ਆਪਣੀਆਂ ਅੱਖਾਂ ਮੀਟੀਆਂ ਅੱਖਾਂ ਨੀਵੀਆਂ ਕਰੀ ਰਖਦੀ ਹਾਂ, (ਦੁਨੀਆਂ ਤੇ ਇਨਾਂ ਰਸਾਂ ਨਾਲ ਖੇਡਾਂ ਖੇਡਣ ਦੇ ਥਾਂ) ਮੈਂ ਪ੍ਰਭੂ-ਪਤੀ ਨਾਲ ਸਾਰੇ ਰੰਗ ਮਾਣਦੀ ਹਾਂ, (ਇਹ ਭੇਤ) ਕਿਸੇ ਨੂੰ ਨਹੀਂ ਦਸਦੀ।੨੩੪।।

ਆਪ ਜੀ ਨੇ ਇਹ ਦਸਣ ਦਾ ਯਤਨ ਕੀਤਾ ਹੈ ਕਿ ਇਨ੍ਹਾਂ ਸਲੋਕਾਂ ਵਿਚ ਮੱਛੀ ਮਾਸ ਆਦਿ ਖਾਣ ਤੋਂ ਨਹੀਂ ਰੋਕਿਆ ਹੈ, ਸਗੋਂ ਵਿਕਾਰ ਕਰਨ ਤੋਂ ਰੋਕਿਆ ਹੈ। ਮਾਸ ਸ਼ਰਾਬ ਆਦਿ ਵਿਕਾਰ ਪੈਦਾ ਕਰਨ ਵਾਲੀਆਂ ਚੀਜ਼ਾਂ ਹਨ, ਇਸ ਕਰਕੇ ਸਤਸੰਗ ਕਰਨ ਦੇ ਨਾਲ ਨਾਲ ਵਿਕਾਰ ਕਰਨੇ, ਅਤੇ ਤੀਰਥ ਆਦਿ ਕਰਮਾਂ ਦੇ ਨਾਲ ਵਿਕਾਰ ਕਰੀ ਜਾਣੇ ਮਾੜੇ ਹਨ।

ਇਕ ਵੇਰ ਤਾਂ ਕਹਿੰਦੇ ਹਨ ਕਿ ਮੱਛੀ, ਮਾਸ ਸ਼ਰਾਬ ਆਦਿ ਖਾਣ ਤੋਂ ਨਹੀਂ ਰੋਕਿਆ ਤੇ ਦੂਜੀ ਵੇਰ ਕਹਿੰਦੇ ਹਨ ਕਿ ਭਾਂਗ, ਮਾਛੁਲੀ, ਸੁਰਾ ਆਦਿ ਵਿਕਾਰ ਹਨ।

ਸੋ ਇਸ ਤੋਂ ਆਪਣੇ ਆਪ ਹੀ ਸਪੱਸ਼ਟ ਹੋ ਗਿਆ ਹੈ ਕਿ ਮਾਸ ਸ਼ਰਾਬ ਮੱਛੀ ਆਦਿ ਵਰਤਣੇ ਵਿਕਾਰਾਂ ਵਿਚ ਪਰਵਿਰਤ ਹੋਣਾ ਹੈ ਅਤੇ ਵਿਕਾਰ ਕਰਨ ਦੀ ਸਖ਼ਤ ਮਨਾਹੀ ਹੈ। ਫਿਰ ਇਹ ਗੱਲ ਸਾਫ਼ ਹੋ ਗਈ ਕਿ ਮਾਸ ਮੱਛੀ ਸ਼ਰਾਬ ਦੀ ਮਨਾਹੀ ਹੈ।

ਨਾਮ-ਰਸ ਤੋਂ ਸੁੰਞੇ ਹਿਰਦਿਆਂ ਵਾਲੇ ਪੁਰਸ਼ ਆਪ ਭੀ ਟਪਲੇ ਖਾਂਦੇ ਹਨ ਅਤੇ ਪੁੱਠੇ ਸਿੱਧੇ ਮਨ-ਘੜਤ ਅਰਥ ਕਰਕੇ ਭੋਲੀ ਭਾਲੀ ਲੁਕਾਈ ਨੂੰ ਵੀ ਔਝੜੇ ਪਾਉਂਦੇ ਹਨ। ਜਿਵੇਂ ਚੜ੍ਹਿਆ ਸੂਰਜ ਲੁਕਾਇਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਗੁਰਬਾਣੀ ਦੇ ਭਾਵਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਨਾਲ, ਅਸਲੀਅਤ ਨੂੰ ਛੁਪਾਇਆ ਨਹੀਂ ਜਾ ਸਕਦਾ। ਭਾਵ, ਸੱਚ ਸੌ ਪਰਦੇ ਪਾੜ ਕੇ ਵੀ ਪਰਗਟ ਹੋ ਜਾਂਦਾ ਹੈ। ਗੁਰਬਾਣੀ ਦੀ ਥੋੜੀ ਜਿਹੀ ਸੂਝ ਬੂਝ ਰਖਣ ਵਾਲਾ ਵੀ ਇਹ ਸਮਝ ਜਾਂਦਾ ਹੈ ਕਿ ਗੁਰਬਾਣੀ ਮਾਸ ਮੱਛੀ ਸ਼ਰਾਬ ਆਦਿਕ ਵਿਕਾਰਾਂ ਦੇ ਸੇਵਨ ਤੋਂ ਥਾਂ ਥਾਂ ਵਰਜਦੀ ਹੈ।

ਤਾਂ ਤੇ ਇਹ ਗੱਲ ਦ੍ਰਿੜ੍ਹ ਕਰ ਕੇ ਸਮਝ ਲੈਣੀ ਚਾਹੀਦੀ ਹੈ ਕਿ ਅਜਿਹੇ ਗ਼ਲਵਢ ਹਤਿਆ ਕਮਾਉਣ ਵਾਲੇ ਕਰਮ ਕਰਨ ਵਾਲੇ ਅਤੇ *'ਹੇਰਾ* (ਸ਼ਿਕਾਰ ਦਾ ਮਾਸ) *ਰੋਟੀ ਕਾਰਨੇ'* ਗਲਾ ਕਟਾਉਣਾ ਪੈਂਦਾ ਹੈ, ਤਾਂ ਫਿਰ-

ਜਿਤੁ ਕੀਤਾ ਪਾਈਐ ਆਪਣਾ,
ਸਾ ਘਾਲ ਬੁਰੀ ਕਿਉ ਘਾਲੀਐ।।
ਮੰਦਾ ਮੂਲਿ ਨ ਕੀਚਈ,
ਦੇ ਲੰਮੀ ਨਦਰਿ, ਨਿਹਾਲੀਐ।।

(ਆਸਾ ਦੀ ਵਾਰ, ੪੭੪)



www.AKJ.Org

# ਅੰਮ੍ਰਿਤਧਾਰੀ ਨਾਮ-ਰਸੀਆਂ ਦਾ ਸਜਾਇਆ ਲੰਗਰ ਹੀ ਗੁਰੂ ਕਾ ਲੰਗਰ ਹੈ

(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਅੰਮ੍ਰਿਤਧਾਰੀ ਸਿੰਘ ਸੁਜਨ ਖ਼ਾਲਸਾ ਵੀਰ ਦੇ ਰੋਮ ਰੋਮ ਵਿਚੋਂ ਅੰਮ੍ਰਿਤ ਨਾਮ ਦੇ ਫੁਹਾਰੇ ਛੁਟਦੇ ਹਨ। ਉਸ ਦੇ ਰਿਦੰਤਰੀ ਤਹਿਖ਼ਾਨੇ ਅੰਦਰ ਸਤ ਸੰਤੋਖ ਦੀ ਵਾਸ ਸੁਗੰਧੀ ਮਹਿਕਦੀ ਹੈ। ਉਸ ਦੇ ਸੇਵਾ ਪੁਰਸ਼ਾਰਥੀ ਅਤੇ ਉਦਮੀ ਸੁਭਾਅ ਅੰਦਰ ਸਦਾ ਚੜ੍ਹਦੀ ਕਲਾ ਵਾਲਾ ਆਤਮ-ਤਰੰਗੀ ਉਤਸ਼ਾਹ ਠਾਠਾਂ ਮਾਰਦਾ ਹੈ। ਉਸ ਦੇ ਅੰਮ੍ਰਿਤ ਬੁਰਕੜੇ ਨੂਰਾਨੀ ਮੁਖਾਰਬਿੰਦ ਤੋਂ ਅੰਮ੍ਰਿਤ-ਬਾਣੀ ਦੀ ਬਰਖਾ ਦੇ ਫੁਹਾਰੇ ਛੁਟਦੇ ਹਨ। ਉਸ ਦੀ ਸਾਰੀ ਪ੍ਰੇਮ-ਮਗਨ ਅਨੰਦੀ ਦਸ਼ਾ ਦਾ ਪ੍ਰਤਿਬਿੰਬ (ਅਕਸ) ਪ੍ਰਸ਼ਾਦ ਤਿਆਰੀ ਦੀ ਘਾਲਨਾ ਉਪਰ ਅਜਿਹਾ ਪੈਂਦਾ ਹੈ ਕਿ ਉਸ ਦੀ ਬਿਬੇਕ ਘਾਲ ਦਾ ਸਾਜਿਆ ਪ੍ਰਸਾਦ ਸੱਚ ਮੁੱਚ ਸਤੋ-ਗੁਣੀਆ ਅੰਮ੍ਰਿਤ-ਭੋਜਨ ਬਣ ਜਾਂਦਾ ਹੈ। ਜਿਨ੍ਹਾਂ ਨੇ ਇਸ ਨੂੰ ਚੱਖਿਆ ਹੈ, ਸੋਈ ਇਸ ਦੀ ਸਾਰ ਜਾਣਦੇ ਹਨ। ਅਜਿਹਾ ਪ੍ਰਸਾਦੁ ਭੋਜਨ "ਬਿਬੇਕ ਪ੍ਰਸਾਦੁ" ਦੇ ਨਾਉਂ ਤੋਂ ਪਰਸਿਧ ਹੈ। ਇਹ "ਬਿਬੇਕ ਪ੍ਰਸਾਦ ਕੇਵਲ ਗੁਰੂ ਕੇ ਲੰਗਰਾਂ ਵਿਚ ਸਜਦਾ ਹੈ। ਐਸਾ ਭੋਜਨ ਪ੍ਰਸਾਦ ਕੇਵਲ ਗੁਰੂ ਘਰ ਕੇ ਸਿੰਘ-ਸੁਜਨਾਂ ਬਿਬੇਕੀ ਜਨਾਂ ਦੀ ਘਾਲੀ ਬਿਬੇਕ ਘਾਲ ਤੋਂ ਸਜ ਸਕਦਾ ਹੈ। ਗੁਰੂ ਕੇ ਬਿਬੇਕੀ ਦਾ ਬਿਬੇਕ ਬਿੰਜਨ-ਅਸਥਾਨ ਜਿਥੇ ਭੀ ਹੈ, ਉਹ ਗੁਰੂ ਕਾ ਲੰਗਰ ਹੈ। ਗੁਰੂ ਕਾ ਲੰਗਰ ਸੋ ਹੈ ਜਿਥੋਂ ਆਤਮ-ਗਉਣੀ ਅਭਿਆਗਤ ਵਰੋਸਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ ਜਿਥੋਂ ਅਧਿਕਾਰੀ ਖੁਧਿਆਵੰਤ ਅਹਾਰ ਪਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ ਜਿਥੋਂ ਅਹਾਰ ਪਾ ਕੇ ਪਰਮ ਤ੍ਰਿਸ਼ਨਾਲੂ ਭੀ ਤ੍ਰਿਪਤਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ ਜਿਥੇ ਗੁਰੂ ਕੀਆਂ ਸੰਗਤਾ ਦੀਆਂ ਪੰਗਤਾਂ ਲਗਦੀਆਂ ਹਨ। ਗੁਰੂ ਕਾ ਲੰਗਰ ਸੋ ਹੈ ਜਿਥੇ ਗੱਫੇ ਲਾ ਕੇ ਗੁਰੂ ਕੀ ਹੋਣਹਾਰੀ ਪਨੀਰੀ ਗੁਰੂ ਕੀ ਹੀ ਹੋ ਰਹਿੰਦੀ ਹੈ। ਪਰ ਗੁਰੂ ਕਾ ਲੰਗਰ ਸੋ ਹੈ ਜਿਥੇ ਕੇਵਲ ਗੁਰੂ ਕੀਆਂ ਤਿਆਰ ਬਰ ਤਿਆਰ ਫ਼ੌਜਾਂ ਹੀ ਲੰਗਰ ਸਜਾਉਂਦੀਆਂ ਹਨ। ਜਿਸ ਲੰਗਰ ਵਿਖੇ ਗੁਰੂ ਕੇ ਰਹਿਤਵਾਨ ਬਿਬੇਕੀ ਸਿੰਘ, ਆਪਣੀ ਬਿਬੇਕ ਘਾਲਨਾ ਦੁਆਰਾ ਘਾਲਿਆ ਰਹਿਤ ਬਹਿਤ ਦਾ ਬਿਬੇਕ ਪ੍ਰਸ਼ਾਦ ਤਿਆਰ ਨਹੀਂ ਕਰਦੇ, ਉਹ ਗੁਰੂ ਕਾ ਲੰਗਰ ਕੇਹਾ ? ਗੁਰੂ ਕਾ ਲੰਗਰ ਸੋ ਹੈ ਜਿਥੇ ਪ੍ਰਸਾਦ ਦੇ ਸਜਾਵੇ ਤੇ ਵਰਤਾਵੇਗੁਰੂ ਕੇ ਸਿੰਘ ਹੋਣ। ਗੁਰੂ ਕਾ ਲੰਗਰ ਸੋ ਹੈ ਜਿਥੇ *'ਸਤੀ ਦੇਇ ਸੰਤੋਖੀ ਖਾਇ'* ਵਾਲਾ ਵਰਤਾਰਾ ਵਰਤਦਾ ਹੈ। ਗੁਰੂ ਕਾ ਲੰਗਰ ਸੋ ਹੈ ਜਿਥੇ ਲੰਗਰ ਦੇ ਸੇਵਾਦਾਰ ਸਾਰੇ ਤਿਆਰ ਬਰ ਤਿਆਰ ਰਹਿਤਵਾਨ ਸਤੋ ਗੁਣੀ ਸਿੰਘ ਸੁਜਾਨ ਹੋਣ।

*"ਸੇਵਕ ਕਉ ਸੇਵਾ ਬਨਿ ਆਈ"* ਗੁਰਵਾਕ ਦੇ ਭਾਵ ਅਨੁਸਾਰ ਬਿਨਾਂ ਗੁਰੂ ਘਰ ਦੇ ਸੇਵਕਾਂ ਦੇ, ਗੁਰੂ ਕੇ ਲੰਗਰ ਦੀ ਸੇਵਾ ਦੀ ਸਾਰ ਹੀ ਹੋਰ ਕਿਸੇ ਨੂੰ ਕੀ ? ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੋ ਗੁਰੂ ਘਰ ਦਾ ਨਿਰਮਾਣ ਸੇਵਕ ਹੋਵੇ। ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੋ ਗੁਰੂ ਕੀਆਂ ਸੰਗਤਾਂ ਵਿਖੇ ਗੁਰੂ ਰੂਪ ਹੀ ਦੇਖੇ। ਗੁਰੂ ਕੇ ਲੰਗਰ ਕੀ ਸੇਵਾ ਸੋ ਕਰੇ ਜਿਸ ਦੀ ਸਮਦ੍ਰਿਸ਼ਟੀ ਊਚ ਨੀਚ ਉਤੇ ਸਮਾਨ ਹੋਵੇ। ਗੁਰੂ ਕੀ ਸੇਵਾ ਜੋ ਸੰਗਤਾਂ ਦੀ ਸੇਵਾ ਵਿਚ ਸਮਝੇ, ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਜੋ ਪੂਰਨਧਰਮੀ ਗੁਰਮਤਿ ਧਾਰੀ, ਗੁਰੂ ਕਾ ਆਗਿਆ-ਕਾਰੀ ਸਿੰਘ ਸੁਜਾਨ ਹੋਵੇ, ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਗੁਰੂ ਕੇ ਲੰਗਰ ਵਿਚ ਉਸ ਆਤਮ-ਬਿਵਸਥਾ ਦੇ ਖਿਡਾਰੀ ਕਲਾਧਾਰੀ ਸਿੰਘਾਂ ਤੋਂ ਬਿਨਾਂ, ਸਾਮਾਨ ਸਾਧਾਰਨ ਰਹਿਤ ਰਹਿਣੀ ਵਾਲੇ ਹੁਕਮਾਂ ਦੇ ਕਮਾਵਣਹਾਰੇ ਤਿਆਰ ਬਰ ਤਿਆਰ ਸਿੰਘ ਭੀ ਸੇਵਾ ਦਾ ਅਧਿਕਾਰ ਰਖਦੇ ਹਨ। ਪ੍ਰੰਤੂ ਇਸ ਰਹਿਤ ਰਹਿਣੀ, ਅਰਥਾਤ ਅੰਮ੍ਰਿਤ ਛਕਣ ਦੇ ਸਮੇਂ ਦੀ ਰਹਿਤ ਰਹਿਣੀ, ਭਾਵ *"ਸਤਿਗੁਰ ਕੈ ਜਨਮੈ ਗਵਨੁ ਮਿਟਾਇਆ"* (੯੪੦) ਗੁਰਵਾਕ ਦੇ ਭਾਵ ਅਨੁਸਾਰਗੁਰੂ ਘਰ ਵਿਖੇ ਜਨਮ ਲੈਣ ਸਮੇਂ ਦੇ ਦ੍ਰਿੜ੍ਹਾਏ ਹੁਕਮਾਂ ਦੀ ਕਮਾਈ ਵਾਲੀ ਰਹਿਤ ਰਹਿਣੀ ਤੋਂ ਰਹੇ ਹੋਏ (ਡਿਗੇ ਹੋਏ) ਤਨਖ਼ਾਹੀਆਂ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਨਹੀਂ, ਜਦ ਤੀਕ ਕਿ ਉਹ ਤਨਖ਼ਾਹ ਨਾ ਬਖਸ਼ਾ ਲੈਣ ਅਤੇ ਉਹਨਾ ਦੀ ਲੰਗਰ ਦੀ ਸੇਵਾ ਹਿਤ ਤਿਆਰ ਬਰ ਤਿਆਰੀ ਦਾ ਅਰਦਾਸਾ ਨ ਸੁਧ ਜਾਵੇ। ਜਦ ਗੁਰੂ ਘਰ ਵਿਚ ਆ ਕੇ (ਜਨਮ ਕੇ) ਫੇਰ ਤਨਖ਼ਾਹੀ ਹੋਣ, ਵਾਲਿਆਂ ਦਾ ਕੋਈ ਹੱਕ ਅਧਿਕਾਰ ਗੁਰੂ ਕੇ ਲੰਗਰ ਦੀ ਸੇਵਾ ਲਈ ਨਹੀਂ ਹੋ ਸਕਦਾ, ਤਦ ਗੁਰਮਤਿ ਤੋਂ ਘੁਥੇ ਉਕੇ ਅਨਮਤੀਆਂ ਅਤੇ ਬੇਧਰਮੀਆਂ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਕਦ ਹੋ ਸਕਦਾ ਹੈ। ਉਹ ਕੀ ਜਾਨਣ ਸਾਰ ਗੁਰੂ ਕੇ ਲੰਗਰ ਦੀ ਸੇਵਾ ਦੀ, ਜੋ ਧਰਮ-ਹੀਣੇ ਨਿਗੁਰੇ ਅਨਮਤੀ ਹਨ। ਗੁਰੂ ਕੇ ਲੰਗਰ ਦੀ ਸੇਵਾ ਲਈ ਗੁਰੂ ਦੇ ਸਿਖਾਂ ਦੀ ਮੋਹਰ



www.AKJ.Org

ਛਾਪ ਹੈ। ਨਹੀਂ ਤਾਂ ਉਹ ਗੁਰੂ ਕਾ ਲੰਗਰ ਨਹੀਂ, ਮਿਲਗੋਭਾ ਲੰਗਰ ਹੈ। ਗੁਰੂ ਕਾ ਲੰਗਰ ਤਿਸ ਨੂੰ ਮਤ ਕਹੋ, ਜਿਸ ਦੇ ਸੇਵਕਾਂ ਸਿਰ ਗੁਰੂ ਕੀ ਮੋਹਰ ਛਾਪ ਨਹੀਂ। ਸਤਿਗੁਰੂ ਨਾਨਕ ਦਸਮੇਸ਼ ਜੀ ਦੇ ਘਰ ਤੋਂ ਬਾਹਰ ਜੋ ਭੀ ਲੰਗਰ ਹਨ, ਸੋ ਗੁਰੂ ਕੇ ਲੰਗਰ ਨਹੀਂ ਕਹਾ ਸਕਦੇ।

"ਸਤਿਗੁਰ ਬਾਝਹੁ ਗੁਰੁ ਨਹੀ ਕੋਈ
ਨਿਗੁਰੇ ਕਾ ਹੈ ਨਾਉ ਬੁਰਾ।।" (ਪੰਨਾ ੪੩੫)

ਜਿਨ੍ਹਾਂ ਗੁਰੂ ਘਰ ਵਿਖੇ ਗੁਰੂ ਕਾ, ਖੰਡੇ ਦਾ ਅੰਮ੍ਰਿਤ ਛਕ, ਗੁਰੂ ਧਾਰਨ ਨਹੀਂ ਕੀਤਾ, ਉਹ ਸਭ ਨਿਗੁਰੇ ਹਨ। ਨਿਗੁਰੇ, ਗੁਰੂ ਕੇ ਲੰਗਰ ਅੰਦਰ ਸ਼ਾਮਲ ਨਹੀਂ ਹੋ ਸਕਦੇ। ਜਿਥੇ ਨਿਗੁਰੇ ਸੇਵਾਦਾਰ ਹਨ ਉਹ ਮਿਲਗੋਭਾ ਲੰਗਰ ਹੈ, ਗੁਰੂ ਕਾ ਲੰਗਰ ਨਹੀਂ ਸਦਾ ਸਕਦਾ। ਧਰਮਹੀਣ ਗੁਰੂ ਕੇ ਲੰਗਰ ਦੀ ਸੇਵਾ ਨਹੀਂ ਕਰ ਸਕਦੇ ਜਿਨ੍ਹਾਂ ਦੇ ਅੰਦਰ ਧਰਮ ਦੀ ਅੰਸ ਹੀ ਨਹੀਂ, ਉਹਨਾਂ ਵਿਚ ਸੇਵਾ ਦੀ ਅੰਸ ਹੀ ਨਹੀਂ ਹੋ ਸਕਦੀ। ਜਿਨ੍ਹਾਂ ਅੰਦਰ ਸੇਵਾ ਦੀ ਅੰਸ ਨਹੀਂ, ਉਹਨਾਂ ਨੂੰ ਸੇਵਾ ਦਾ ਅਧਿਕਾਰ ਨਹੀਂ ਹੋ ਸਕਦਾ। ਸੇਵਾ ਕੇਵਲ ਸੇਵਕ ਨੂੰ ਹੀ ਬਣਿ ਆਈ ਹੈ, ਜਿਸ "ਹੁਕਮੁ ਬੂਝਿ ਪਰਮ ਪਦੁ ਪਾਈ" (ਪੰ :੨੯੨) ਗੁਰਵਾਕ ਦੇ ਭਾਵ ਅਨੁਸਾਰ, ਹੁਕਮ ਬੁਝ ਕੇ ਹੀ ਸੇਵਕ ਦੀ ਪਦਵੀ ਪਾਈ ਹੋਵੇ। ਜਿਨ੍ਹਾਂ ਨੇ "ਹੁਕਮਨ ਸਿਰ ਹੁਕਮ ਏਕੋ ਹੁਕਮ" ਨਹੀਂ ਬੁਝਿਆ। ਜੋ "ਸਤਿਗੁਰਿ ਦੀਆ ਬੁਝਾਇ ਜੀਉ" (ਪੰ :੭੨) ਦੇ ਭਾਵ ਅਨੁਸਾਰ ਕੇਵਲ ਸਤਿਗੁਰ ਦੁਆਰਾ ਨਿਗੁਰੇ ਤੋਂ ਸਗੁਰੇ ਹੋਇਆਂ ਹੀ ਬੁਝਿਆ ਜਾ ਸਕਦਾ ਹੈ। ਜਿਨ੍ਹਾਂ ਨੇ ਸਤਿਗੁਰ ਦਸਮੇਸ਼ ਜੀ ਦਾ ਖੰਡੇ ਦਾ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਜਣ ਵਾਲਾ ਹੁਕਮ ਨਹੀਂ ਬੁਝਿਆ (ਮੰਨਣਾ ਤਾਂ ਕਿਤੇ ਰਿਹਾ) ਉਹ ਸੇਵਕ ਦੀ ਪਦਵੀ ਨੂੰ ਕੀ ਬੁਝ ਸਕਦੇ ਹਨ ? ਉਹ ਗੁਰੂ ਕੇ ਲੰਗਰ ਦੀ ਸੇਵਾ ਲਈ ਕੀ ਡੀਂਗਾਂ ਮਾਰ ਸਕਦੇ ਹਨ ? ਹੁਕਮ ਤਿਨ੍ਹਾਂ ਨੇ ਬੁਝਿਆ ਹੈ ਜਿਨ੍ਹਾਂ ਹੁਕਮ ਨੂੰ ਕਮਾਇਆ ਹੈ। ਅੰਮ੍ਰਿਤ ਛਕ ਕੇ ਸਤਿਗੁਰੂ ਦੇ ਘਰ ਵਿਚ ਜਨਮਣ ਦਾ, ਗੁਰਮਤਿ ਮੰਡਲ ਵਿਚ ਆਉਣ ਦਾ ਹੁਕਮ ਹੀ ਜਿਸ ਨੇ ਨਹੀਂ ਕਮਾਇਆ, ਉਹ ਗੁਰੂ ਕੇ ਲੰਗਰ ਰੂਪੀ ਗੁਰਮਤਿ ਮੰਡਲੀ ਸੇਵਾ, ਨਹੀਂ ਨਹੀਂ ਗੁਰਮਤਿ ਮੰਡਲੀ ਸੇਵਾ ਨੂੰ ਕੀ ਬੁਝ ਸਕਦੇ ਹਨ। ਹਾਂ, ਗੁਰੂ ਕੇ ਲੰਗਰ ਰੂਪੀ ਮੰਡਲ ਤੋਂ ਬਾਹਰ ਯਾਚਕਾਂ ਅਭਿਲਾਖੀਆਂ ਉਮੈਦਵਾਰਾਂ (ਕੈਂਡੀਡੇਟਾਂ) ਨੂੰ, ਉਹਨਾਂ ਦੀ ਰਿਦੇ ਭੂਮਕਾ ਨੂੰ ਸੁਧ ਕਰਨ ਹਿਤ ਅਤੇ ਅੰਮ੍ਰਿਤ ਦੇ ਅਧਿਕਾਰੀ ਬਣਾਉਣ ਹਿਤ ਯਥਾ ਯੋਗ ਸੇਵਾ ਦਿਤੀ ਜਾ ਸਕਦੀ ਹੈ, ਪ੍ਰੰਤੂ ਜਦ ਤੀਕ ਉਹ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਨਾ ਸਜ ਜਾਣ ਤਦ ਤੀਕ ਉਹਨਾਂ ਹਥੋਂ ਤਿਆਰ ਹੋਇਆ ਖਾਣਾ ਖਾਣਾ ਬਿਬੇਕੀ ਜਨ ਨੂੰ ਬਿਬਰਜਤ ਹੈ। ਕਿਉਂਕਿ ਜਦ ਤਾਈਂ ਉਹ ਅੰਮ੍ਰਿਤ ਛਕ ਕੇ ਖ਼ਾਲਸਾ ਧਰਮ (ਗੁਰਮਤਿ ਧਰਮ) ਧਾਰਨ ਨਹੀਂ ਕਰ ਲੈਂਦੇ , ਉਤਨਾ ਚਿਰ ਧਰਮ-ਹੀਣ ਹਨ, ਅਨਮਤੀ ਹਨ। ਕਿਉਂਕਿ :

ਏਕੋ ਧਰਮੁ ਦ੍ਰਿੜੈ ਸਚੁ ਕੋਈ।।
ਗੁਰਮਤਿ ਪੂਰਾ ਜੁਗਿ ਜੁਗਿ ਸੋਈ।।
(ਬਸੰਤ ਮ: ੧, ਪੰਨਾ ੧੧੮੮)

ਗੁਰਵਾਕ ਦੇ ਭਾਵ ਅਨੁਸਾਰ ਕੇਵਲ (ਏਕੋ) ਗੁਰਮਤਿ ਧਰਮ ਹੀ ਸਚਾ ਧਰਮ ਹੈ, ਜੋ ਜੁਗੋ ਜੁਗ ਪੂਰਾ ਉਤਰਨਾ ਹੈ। ਗੁਰਮਤਿ ਧਰਮ ਤੋਂ ਬਿਨ੍ਹਾ ਕੋਈ ਹੋਰ ਧਰਮ ਨਹੀਂ। ਸੋ ਗੁਰਮਤਿ ਧਰਮ ਤੇ ਖ਼ਾਲਸਾ ਧਰਮ ਤੋਂ ਸੱਖਣੇ, ਸਭ ਹੀਣੇ ਨਿਗੁਰੇ ਬੇਦੀਨੇ ਹਨ। ਅਤੇ ਗੁਰੂ ਕਾ ਹੁਕਮ ਹੈ :

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ।।
ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ।।
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ।।
ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ।।
ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ।।
ਕੂੜਾ ਕਪੜੁ ਕਛੀਐ ਕੂੜਾ ਪੈਨਣੁ ਖਾਣੁ।।੧।।
(ਵਾਰ ਸੂਹੀ ਮ: ੧, ਪੰਨਾ ੭੯੦)

ਭਾਵ-ਪਰਮਾਰਥ ਏਸ ਗੁਰ ਪਰਮਾਣ ਦਾ ਇਹ ਹੈ ਕਿ ਜਿਹੜੇ ਪੁਰਸ਼ ਚੋਰਾਂ ਯਾਰਾਂ ਦੀ ਅਤੇ ਕੁਟਣੀਆਂ ਰੰਡੀਆਂ ਦੀ ਕੁਸੰਗ ਮਜਲਸ ਜਾ ਕੇ ਬਹਿੰਦੇ ਹਨ ਅਤੇ ਜਿਹੜੇ ਬੇਦੀਨਾਂ ਦੇ ਨਾਲ ਦੋਸਤੀ (ਸਮੀਪੀ ਸਨਬੰਧ ਨਾਤੇ) ਗੰਢਦੇ ਹਨ (ਅਥਵਾ ਰਖਦੇ ਹਨ) ਅਤੇ ਬੇਦੀਨਾਂ ਦਾ ਖਾਣਾ ਖਾਂਦੇ ਹਨ ਉਹ ਸਿਫ਼ਤਾਂ (ਪਰਮਾਰਥੀ ਸਿਫ਼ਤ ਸਾਲਾਹਾਂ) ਸੰਦੀ ਸਾਰ ਨਹੀਂ ਜਾਣਦੇ ਅਤੇ ਓਹਨਾਂ ਦੇ ਅੰਦਰ ਸਦਾ ਸ਼ੈਤਾਨ ਵਸਦਾ ਹੈ। ਉਹਨਾਂ ਦੀ ਗਤੀ ਗਧਿਆਂ (ਖੋਤਿਆਂ) ਦੀ ਨਿਆਈਂ ਹੁੰਦੀ ਹੈ। ਉਹਨਾਂ ਨੂੰ ਚਾਹ ਚੰਨਣ ਵਿਚ ਨਵ੍ਹਾਲਿਆ (ਲਬੇੜਿਆ ਲਿਪਿਆ) ਜਾਵੇ, ਪਰ ਉਹ ਫੇਰ ਭੀ ਸੁਆਹ ਵਿਚ ਜਾ ਕੇ ਹੀ ਲਿਟਣਗੇ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਕੂੜਾਵਾ ਕਤਣ ਕੀਤਿਆ ਜਾਵੇ ਤਾਂ ਕੂੜ ਦਾ ਹੀ ਤਾਣਾ ਤਣੀਦਾ ਹੈ ਅਤੇ ਕੂੜ ਦਾ ਕੱਪੜਾ ਕੱਤ ਕੇ ਤਿਆਰ ਕੀਤਾ ਜਾਵੇ ਤਾਂ ਉਸ ਦਾ ਪਹਿਨਣਾ ਭੀ ਕੂੜਾ ਹੈ, ਉਸ ਪਹਿਨਣ ਦਾ ਮਾਣ ਕਰਨਾ ਭੀ ਕੂੜਾ ਹੈ। ਏਥੇ ਸਾਰੇ ਸ਼ਬਦ ਦੀ ਵਿਆਖਿਆ ਦੀ ਲੋੜ ਨਹੀਂ, ਪਰਕਰਣ ਸਬੰਧੀ "*ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ।। ਸਿਫਤੀ ਸਾਰ ਨ ਜਾਣਨੀ*

(ਬਾਕੀ ਪੰਨਾ ੩੦ ਤੇ)



www.AKJ.Org

# ਭੰਗਾਣੀ ਦਾ ਯੁੱਧ ਉਦਾਸੀ ਮਹੰਤ ਦੀ ਜ਼ਬਾਨੀ-੩

(ਪ੍ਰਿੰਸੀਪਲ ਸੁਜਾਨ ਸਿੰਘ)

"ਰਾਜੇ ਦੇ ਵਕੀਲ ਨੇ ਨਿਮਰਤਾ ਸਹਿਤ ਹੱਥ ਜੋੜੇ ਤੇ ਲਾਗੇ ਪਹੁੰਚ ਕੇ ਡੰਡੌਤ ਕੀਤੀ। ਸਤਿਗੁਰੂ ਜੀ ਮੁਸਕਰਾਏ ਤੇ ਸ੍ਰੀ ਮੁਖ ਤੋਂ ਬਚਨ ਕੀਤਾ, 'ਆਓ, ਰਾਜੇ ਦੇ ਮੰਤਰੀ ਜੀ ! ਆਪ ਬੜੇ ਚਿਰ ਮਗਰੋਂ ਆਏ ਹੋ। ਆਪਣੇ ਰਾਜਾ ਦਾ ਹਾਲ ਦੱਸੋ ਕਿ ਕਿਸ ਲਈ ਆਪ ਨੂੰ ਭੇਜਿਆ ਗਿਆ ਹੈ।

"ਵਜ਼ੀਰ ਨੇ ਉਤਰ ਵਿਚ ਬੇਨਤੀ ਕੀਤੀ, 'ਆਪ ਜੀ ਨੂੰ ਆਪਣਾ ਆਸਰਾ ਜਾਣ ਕੇ ਰਾਜਾ ਜੀ ਨੇ ਆਪ ਨੂੰ ਨਮਸਕਾਰ ਭੇਜੀ ਹੈ। ਆਪ ਸੋਢੀ-ਕੁਲ ਸ਼ੋਮਣੀ ਹੋ। ਜਦੋਂ ਦੇ ਆਪ ਇਧਰ ਪਧਾਰੇ ਹੋ, ਰਾਜਾ ਜੀ ਆਪ ਜੀਨੂੰ ਯਾਦ ਕਰਦੇ ਤੇ ਪਿਛਲੀਆਂ ਗੱਲਾਂ ਤੇ ਪਛਤਾਉਂਦੇ ਰਹੇ ਹਨ। ਹੁਣ ਰਾਜਾ ਜੀ ਕੁਮਾਰ ਜੀ ਦੀ ਸ਼ਾਦੀ ਲਈ ਬਾਈ-ਧਾਰ ਦੇ ਰਾਜਿਆਂ ਤੇ ਉਨ੍ਹਾਂ ਦੀਆਂ ਸੈਨਾ ਸਮੇਤ ਬੜੇ ਉਤਸ਼ਾਹ ਨਾਲ ਬਿਲਾਸ-ਪਰ ਤੋਂ ਚੱਲ ਕੇ ਆਏ ਹਨ .......।'

"ਸਤਿਗੁਰਾਂ ਬਲ ਤੇ ਡਰਾਵੇ ਦੀ ਨਿਮਰਤਾ ਵਿਚ ਛੁਪੀ ਗੱਲ ਨੂੰ ਤਾੜ ਕੇ ਵਜ਼ੀਰ ਦੀ ਗੱਲ ਨੂੰ ਵਿਚੋਂ ਹੀ ਕੱਟਦਿਆਂ ਕਿਹਾ, 'ਖਿਮਾ ਕਰਨਾ, ਮੰਤਰੀ ਜੀ, ਤੁਸੀਂ ਦੂਤ ਬਣ ਕੇ ਆਏ ਹੋ। ਤੁਸੀਂ ਬੇਸ਼ਕ ਸਾਡੇ ਵਲੋਂ ਸਾਰੇ ਪਰਬਤੀ ਰਾਜਿਆਂ ਨੂੰ ਕਹਿ ਦਿਓ ਕਿ ਜੇ ਤੁਹਾਨੂੰ ਬਲ ਦਾ ਅਹੰਕਾਰ ਹੈ ਤਾਂ ਟਾਕਰੇ ਲਈ ਮੈਦਾਨ ਵਿਚ ਨਿੱਤਰ ਆਓ। ਸਾਡੀ ਵਲੋਂ ਕੋਈ ਦੇਰ ਨਹੀਂ। ਇਹ ਰਾਜੇ ਕਹਿੰਦੇ ਕੁਝ ਹੋਰ ਤੇ ਕਰਦੇ ਕੁਝ ਹੋਰ ਨੇ। ਅਸੀਂ ਛਲੀਆਂ ਦੇ ਛਲ ਵਿਚ ਨਹੀਂ ਵਲੇ ਜਾ ਸਕਦੇ। ਸਾਡਾ ਆਸਰਾ ਅਸਿਕੇਤ ਵਾਹਿਗੁਰੂ ਹੈ। ਇਸ ਲਈ ਸਾਨੂੰ ਵੱਡੀਆਂ ਫ਼ੌਜਾਂ ਤੇ ਵੱਡੇ ਜੋਧਿਆਂ ਦਾ ਕੋਈ ਭੈ ਨਹੀਂ। ਜਿਸ ਤਰ੍ਹਾਂ ਤੁਹਾਡਾ ਰਾਜਾ ਕਹਿੰਦਾ ਹੈ, ਅਸਾਂ ਇਸ ਤਰ੍ਹਾਂ ਅਨੰਦਪੁਰ ਨਹੀਂ ਜਾਣਾ। ਸਾਨੂੰ ਪਤਾ ਹੈ ਅਸੀਂ ਕਦੋਂ ਉਥੇ ਜਾਣਾ ਹੈ। ਸਾਰਿਆਂ ਰਾਜਿਆਂ ਨੂੰ ਕਹਿ ਦਿਓ ਕਿ ਜੇ ਉਨ੍ਹਾਂ ਨੂੰ ਜੰਗ ਦੀ ਭੁੱਖ ਹੈ ਤਾਂ ਫ਼ੌਜਾਂ ਲੈ ਕੇ ਅਗਾਂਹ ਆਉਣ। ਅਸੀਂ ਉਹਨਾ ਦਾ ਆਗਮਨ ਦੇਖ ਕੇ ਉਨ੍ਹਾਂ ਦੀ ਪਰਾਹੁਣ-ਚਾਰੀ ਲਈ ਚੰਗਾ ਪਰਬੰਧ ਕਰ ਛੋਡਿਆ ਹੈ। ਢਾਲਾਂ ਦੇ ਥਾਲਾਂ ਵਿਚ ਪਰੋਸ ਕੇ, ਤਲਵਾਰਾਂ ਦੇ ਘੇਵਰ, ਗੋਲੀਆਂ ਦੇ ਸ਼ਕਰਪਾਰੇ, ਤੀਰਾਂ ਦੇ ਜਲੇਬ, ਬਰਛਿਆਂ ਦੀ ਬਰਫ਼ੀ, ਸਾਡੇ ਜੋਧੇ ਉਨ੍ਹਾਂ ਨੂੰ ਵਰਤਾਉਣਗੇ। ਜੇ ਇਹ ਗੱਲ ਮਨਜ਼ੂਰ ਨਹੀਂ ਤਾਂ ਉਹ ਕਿਸੇ ਹੋਰ ਰਸਤੇ ਜੰਜ ਲੈ ਜਾਣ। ਹਾਂ ਇਕ ਗੱਲ ਹੋਰ ਹੋ ਸਕਦੀ ਹੈ ਕਿ ਉਹ ਫ਼ੌਜਾਂ ਨੂੰ ਪਿਛੇ ਛੱਡ ਕੇ ਨਿਰੀ ਜੰਜ ਹੀ ਇਸ ਰਸਤੇ ਲੈ ਜਾਣ। ਪਰਧਾਨ ਜੀ, ਜੋ ਸਾਡੇ ਦਿਲ ਦੀ ਗੱਲ ਹੈ ਬਿਨਾਂ ਵਲ ਛਲ ਦੇ ਅਸਾਂ ਤੁਹਾਨੂੰ ਦੱਸ ਦਿੱਤੀ ਹੈ। ਜੰਗ ਦੀ ਲਾਲਸਾ ਹੈ ਤਾਂ ਉਹ ਇੱਧਰ ਆ ਜਾਣ, ਤੇ ਬਹੁਤ ਦਿਨਾਂ ਦਾ ਗੁੱਸਾ ਲਾਹ ਲੈਣ।'

ਜਦੋਂ ਸਤਿਗੁਰਾਂ ਦੀ ਸਾਫ਼ ਸਾਫ਼ ਗੱਲ ਮੰਤਰੀ ਨੇ ਸੁਣ ਲਈ ਤਾਂ ਉਹ ਕਿੰਨਾ ਚਿਰ ਸਿਰ ਸੁੱਟ ਕੇ ਬੈਠਾ ਰਿਹਾ। ਉਹ ਦਿਲ ਵਿਚ ਸਮਝ ਗਿਆ ਕਿ ਗੁਰੂ ਜੀ ਕਿਸੇ ਤਰ੍ਹਾਂ ਵੀ ਸੈਨਾ ਸਮੇਤ ਜੰਜ ਨੂੰ ਰਾਹ ਨਹੀਂ ਦੇਣਗੇ। ਅੰਤ ਉਹ ਫੇਰ ਡੰਡੌਤ ਕਰ ਕੇ ਸਾਰੀ ਸਭਾ ਨੂੰ ਨਮਸਕਾਰ ਕਰ ਕੇ ਉਠਿਆ ਅਤੇ ਛੇਤੀ ਹੀ ਰਾਜਿਆਂ ਦੇ ਡੇਰੇ ਪਹੁੰਚਾ, ਜਿਥੇ ਸਾਰੇ ਰਾਜੇ ਉਸਦੀ ਉਡੀਕ ਵਿਚ ਬੈਠੇ ਸਨ।

"ਭੀਮ ਚੰਦ ਨੇ ਉਤਾਵਲ ਨਾਲ ਪੁਛਿਆ, "ਹਾਂ, ਪਰਧਾਨ ਜੀ ਗੁਰੂ ਜੀ ਨੇ ਕੀ ਕਿਹਾ।"

"ਮੰਤਰੀ ਨੇ ਹੱਥ ਜੋੜ ਕੇ ਉੱਤਰ ਦਿਤਾ, 'ਗੁਰੂ ਜੀ ਆਪ ਸਾਰਿਆਂ ਦੀ ਨੀਤੀ ਨੂੰ ਭਲੀ ਪਰਕਾਰ ਪਛਾਣਦੇ ਹਨ। ਉਨ੍ਹਾਂ ਨੂੰ ਧੋਖਾ ਦੇਣਾ ਅਸੰਭਵ ਹੈ। ਉਨ੍ਹਾਂ ਕਿਹਾ ਹੈ ਕਿ ਜਦ ਤੋਂ ਅਨੰਦਪੁਰ ਵਿਚ ਰਹਿੰਦਿਆਂ ਤੁਹਾਡੇ ਰਾਜਾ ਜੀ ਨੇ ਸਾਡੇ ਨਾਲ ਬੇਅਰਥ ਵਿਗਾੜ ਪਾਇਆ ਹੈ ਤੇ ਸਾਡੇ ਨਾਲ ਜੁੱਧ ਰਚਾਉਣ ਦੀਆਂ ਤਿਆਰੀਆਂ ਕਰਦਾ ਰਿਹਾ ਹੈ ਉਦੋਂ ਤੋਂ ਹੀ ਅਸੀਂ ਮੁਕਾਬਲਾ ਕਰਨ ਲਈ ਤਿਆਰ ਰਹੇ ਹਾਂ। ਜਿਸ ਨੇ ਆਪਣੀ ਚੋਣ ਦੇ ਸਮੇਂ ਤੇ ਅਸਥਾਨ ਉਤੇ ਸਾਡੇ ਨਾਲ ਲੜਨ ਦਾ ਇਰਾਦਾ ਕੀਤਾ ਹੋਇਆ ਹੈ, ਉਸ ਨਾਲ ਸੰਧੀ ਦਾ ਕੀ ਕੰਮ। ਉਨ੍ਹਾਂ ਬੜੇ ਜੋਸ਼ ਤੇ ਦ੍ਰਿੜਤਾ ਨਾਲ ਕਿਹਾ ਹੈ ਕਿ ਅਸੀਂ ਇਸ ਰਸਤੇ ਫ਼ੌਜਾਂ ਨੂੰ ਨਹੀਂ ਲੰਘਣ ਦੇਣਾ। ਬਾਕੀ, ਬੰਦੂਕਚੀ ਮੋਰਚਿਆਂ ਵਿਚ ਬੈਠੇ ਹੋਏ ਹਨ। ਉਨ੍ਹਾਂ ਦੀਆਂ ਸਾਰੀਆਂ ਲੁਕਵੀਆਂ ਜੰਗੀ ਚਾਲਾਂ ਤਾ ਜਾਣੀਆਨਹੀਂ ਜਾ ਸਕਦੀਆਂ। ਛਾਉਣੀਆਂ ਬੱਝੀਆਂ ਹੋਈਆਂ ਹਨ ਤੇ ਜੋਧਿਆਂ, ਘੋੜਿਆਂ ਤੇ ਸ਼ਸਤਰਾਂ ਦਾ ਕੋਈ ਘਾਟਾ ਨਹੀਂ। ਕਿਲ੍ਹਾ ਤਾਂ ਦੇਖਿਆ ਨਹੀਂ ਸੀ ਜਾ ਸਕਦਾ, ਪਰ ਬਾਗਾਂ ਵਿਚ ਵੀ ਜੋਧਿਆਂ ਦੇ ਦਲ ਡੇਰੇ ਲਾਈ ਬੈਠੇ ਹਨ।'

"ਇਹ ਸੁਣ ਕੇ ਭੀਮ ਚੰਦ ਨੂੰ ਬਹੁਤ ਚਿੰਤਾ ਹੋਈ। ਸ੍ਰੀ ਨਗਰ-ਗੜ੍ਹਵਾਲ ਨੂੰ ਹੋਰ ਕੋਈ ਲਾਗੇ ਦਾ ਰਸਤਾ ਨਹੀਂ ਸੀ। ਦੂਰ ਦੇ ਰਸਤੇ ਸਾਹੇ ਤੇ ਨਹੀਂ ਸੀ



www.AKJ.Org

ਪਹੁਚਿਆ ਜਾ ਸਕਦਾ। ਉਸ ਫੇਰ ਰਾਜਿਆਂ ਨਾਲ ਸਲਾਹ ਕੀਤੀ। ਕੇਸਰੀ ਚੰਦ, ਗੋਪਾਲ, ਕਿਰਪਾਲ ਆਦਿ ਰਾਜਿਆਂ ਦੀ ਸਲਾਹ ਸੀ ਕਿ ਫ਼ੌਜਾਂ ਲੈ ਕੇ ਅਗਾਂਹ ਵਧੀਏ। ਗੁਰੂ ਜੇ ਸ਼ਤ੍ਰਤਾ ਕਰੇ ਤਾਂ ਹਮਲਾ ਕਰ ਕੇ ਪੈ ਜਾਈਏ, ਤੇ ਗੋਲੀਆਂ ਤੇ ਤੀਰਾਂ ਦੀ ਮਾਰ ਨਾਲ ਉਨ੍ਹਾਂ ਦੀ ਸੈਨਾ ਨੂੰ ਪਿਛੇ ਹਟਾ ਕੇ ਜੰਜ ਜਮਨਾ ਪਾਰ ਕਰ ਲਈਏ ਅਤੇ ਇਸ ਤੋਂ ਮਗਰੋਂ ਸੈਨਾ ਨਾਲ ਪਾਉਂਟੇ ਤੇ ਹਮਲਾ ਕਰ ਕੇ, ਗੁਰੂ ਦਾ ਡੇਰਾ ਲੁੱਟ ਕੇ, ਜਿੱਤ ਦੇ ਡੰਕੇ ਵਜਾਉਂਦੇ ਸ੍ਰੀ ਨਗਰ ਨੂੰ ਕੂਚ ਕਰੀਏ।

ਪਰ ਭੀਮ ਚੰਦ ਨੇ ਇਹ ਸਲਾਹ ਨਾ ਮੰਨੀ। ਉਹ ਦਿਲੋਂ ਜਾਣਦਾ ਸੀ ਕਿ ਗੁਰੂ ਸਾਹਿਬ ਇਕ ਅਣਖੀਲੇ ਜੋਧੇ ਹਨ। ਮੰਤਰੀ ਤੋਂ ਮੁੜ ਸਲਾਹ ਪੁਛਣ ਤੇ ਉਸ ਨੇ ਕਿਹਾ, ਮਹਾਰਾਜ, ਮੇਰੇ ਨਿਕ੍ਰਿਸ਼ਟ ਮਤ ਅਨੁਸਾਰ ਗੁਰੂ ਤੁਹਾਨੂੰ ਜਮਨਾ ਦੇ ਤੱਟ ਤਕ ਨਹੀਂ ਪਹੁੰਚਣ ਦੇਣ ਲੱਗਾ। ਬੜਾ ਘਮਸਾਣ ਮਚੇਗਾ। ਸਾਹਾ ਟਲ ਜਾਏਗਾ। ਫੇਰ ਕੌਣ ਜਾਣਦਾ ਹੈ ਕਿ ਲੜਾਈ ਦਾ ਪਰਿਣਾਮ ਕੀ ਹੋਵੇ। ਕੌਣ ਜੀਵੇ ਕੌਣ ਮਰੇ ? ਮੇਰੀ ਰਾਇ ਅਨੁਸਾਰ ਗੁਰੂ ਅੱਗੇ ਬੇਨਤੀ ਕਰਨੀ ਚਾਹੀਦੀ ਹੈ ਕਿ ਉਹ ਦੂਲ੍ਹੇ ਨੂੰ ਰਾਜਘਾਟ ਤੋਂ ਲੰਘ ਜਾਣ ਦੇਣ ਤਾਂ ਕਿ ਸਾਹੇ ਵਿਚ ਵਿਘਨ ਨਾ ਪਵੇ। ਅਤੇ ਫ਼ੌਜਾਂ ਤੇ ਰਾਜੇ ਲੰਮੇ ਰਾਹ ਮਗਰੋਂ ਪਹੁੰਚ ਜਾਣ।

"ਇਹ ਗੱਲ ਸੁਣ ਕੇ ਭੀਮ ਚੰਦ ਨੇ ਕਿਹਾ, "ਮੰਤਰੀ ਜੀ, ਤੁਸੀਂ ਰਾਜ ਕੁਮਾਰ ਨੂੰ ਇੱਕਲਾ ਭੇਜਣਾ ਚਾਹੁੰਦੇ ਹੋ ? ਜੇ ਰਾਜਕੁਮਾਰ ਨੂੰ ਗੁਰੂ ਕੈਦ ਕਰ ਲਵੇ ਤਾਂ ? ਗੁਰੂ ਨੂੰ ਮਾਇਆ ਦਾ ਲੋਭ ਲਾਲਚ ਵੀ ਨਹੀਂ। ਮੈਨੂੰ ਤੇ ਕੋਈ ਸਮਝ ਨਹੀਂ ਪੈਂਦੀ ! ਤੁਸੀਂ ਹੀ ਕੋਈ ਐਸਾ ਉਪਾ ਢੂੰਡੋ ਕਿ ਦੂਲ੍ਹਾ ਸ੍ਰੀ ਨਗਰ ਵੇਲੇ ਸਿਰ ਪਹੁੰਚ ਜਾਏ।'

"ਕੁਝ ਸੋਚ ਕੇ ਵਜ਼ੀਰ ਨੇ ਕਿਹਾ, 'ਮਹਾਰਾਜ ! ਤੁਸੀਂ ਫ਼ਿਕਰ ਨਾ ਕਰੋ। ਇਹ ਸਭ ਕੁਝ ਤੁਸੀਂ ਮੇਰੇ ਤੇ ਛੱਡੋ। ਮੈਂ ਗੁਰੂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਸਾਡਾ ਉਨ੍ਹਾਂ ਨਾਲ ਵਿਰੋਧ ਹੈ, ਇਹ ਵੱਖਰੀ ਗੱਲ ਹੈ। ਪਰ ਸੱਚ ਪੁਛੋ ਤਾਂ, ਜਿਥੇ ਉਹ ਪਰਮ-ਵੀਰ ਤੇ ਧਰਮ-ਵੀਰ ਹਨ, ਉੱਥੇ ਦਾਨ-ਵੀਰ ਤੇ ਕਿਰਪਾ-ਨਿਧਾਨ ਵੀ ਹਨ। ਠੀਕ ਹੈ, ਉਹ ਸ਼ਤਰੂ ਦੇ ਸ਼ਤਰੂ ਹਨ, ਪਰ ਸ਼ਤਰੂ ਦੀ ਸੰਤਾਨ ਦੇ ਸ਼ਤਰੂ ਨਹੀਂ। ਉਹ ਉੱਚੇ ਆਦਰਸ਼ਾਂ ਤੇ ਚਲਦੇ ਹਨ ਤੇ ਉਨ੍ਹਾਂ ਤੋਂ ਹੇਠਾਂ ਨਹੀਂ ਉਤਰਦੇ। ਆਪ ਖ਼ਾਤਰ ਜਮ੍ਹਾ ਰੱਖੋ। ਬੇਨਤੀ ਕਦੇ ਖ਼ਾਲੀ ਨਹੀਂ ਮੁੜੇਗੀ।'

"ਜਦ ਮੰਤਰੀ ਨੇ ਹਾਮੀ ਭਰੀ ਤਾਂ ਭੀਮ ਚੰਦ ਨੇ ਉਸ ਦੀ ਸਲਾਹ ਮੰਨ ਲਈ ਤੇ ਕੁਮਾਰ ਨੂੰ ਸਦ ਕੇ ਡੋਲੀ ਵਿਚ ਬਿਠਾਇਆ ਤੇ ਹਉਕਾ ਭਰ ਕੇ ਮੰਤਰੀ ਜੀ ਦੇ ਨਾਲ ਤੋਰ ਦਿਤਾ। ਮੰਤਰੀ ਤੇ ਪੰਜ ਹੋਰ ਸੇਵਕ ਘੋੜਿਆਂ ਤੇ ਸਵਾਰ ਪਾਉਂਟੇ ਪਹੁੰਚੇ। ਸਤਿਗੁਰਾਂ ਦੇ ਦਰਬਾਰ ਵਿਚ ਪਹੁੰਚ ਕੇ ਸਾਰਿਆਂ ਮੱਥਾ ਟੇਕਿਆ। ਸਤਿਗੁਰਾਂ ਮੰਤਰੀ ਤੇ ਕੁਮਾਰ ਦਾ ਯਥਾ ਯੋਗ ਆਦਰ ਕੀਤਾ।

"ਮੰਤਰੀ ਨੇ ਬੇਨਤੀ ਕੀਤੀ, 'ਮਹਾਰਾਜ ਸਤਿਗੁਰੂ ਜੀ ! ਕਿਰਪਾ ਕਰੋ ਤੇ ਆਪ ਇਸ ਬਾਲਕ ਨੂੰ ਰਾਜਘਾਟ ਤੋਂ ਮੇਰੇ ਸੇਵਕਾਂ ਸਮੇਤ ਲੰਘਣ ਦੀ ਆਗਿਆ ਦੇਵੋ। ਰਾਜਾ ਜੀ ਨੇ ਵੀ ਮੇਰੇ ਰਾਹੀਂ ਆਪ ਜੀ ਦੇ ਚਰਨਾਂ ਵਿਚ ਇਹੋ ਬੇਨਤੀ ਕੀਤੀ ਹੈ......।'

"ਮੰਤਰੀ ਜੀ, ਤੁਹਾਡਾ ਕਹਿਣਾ ਹੀ ਬਹੁਤ ਹੈ। ਰਾਜ ਕੁਮਾਰ ਅਜਮੇਰ ਚੰਦ, ਤੇਰੇ ਨਾਲ ਸਾਡਾ ਕੋਈ ਵਿਰੋਧ ਨਹੀਂ। ਤੂੰ ਤੇ ਸਾਡਾ ਬੱਚਾ ਹੈਂ।'

"ਇਹ ਸੁਣ ਕੇ ਰਾਜਕੁਮਾਰ ਦੇ ਚਿਹਰੇ ਤੇ ਕੁਝ ਵਿਸ਼ੇਸ਼ ਭਾਂਤ ਦੇ ਭਾਵ ਪਰਗਟ ਹੋਏ, ਜਿਨ੍ਹਾਂ ਨੂੰ ਦੇਖਦਿਆਂ ਸਤਿਗੁਰਾਂ ਫੇਰ ਕਿਹਾ, 'ਰਾਜ ਕੁਮਾਰ, ਇਹ ਠੀਕ ਹੈ ਕਿ ਆਯੂ ਵਿਚ ਤੂੰ ਮੈਥੋਂ ਛੋਟਾ ਨਹੀਂ। ਪਰ ਇਹ ਗੱਦੀ ਜਗਤ ਗੁਰੂ ਬਾਬੇ ਨਾਨਕ ਦੇਵ ਜੀ ਦੀ ਹੈ। ਤੁਸੀਂ ਇਸ ਲਈ ਮੇਰੇ ਬੱਚੇ ਹੀ ਹੋ। ਅਸੀਂ ਤਾਂ ਵੈਰੀ ਦਾ ਬੱਚਾ ਵੀ ਆਪਣਾ ਹੀ ਬੱਚਾ ਸਮਝਦੇ ਹਾਂ। ਤੁਸੀਂ ਸ-ਸ਼ਸਤਰ ਰਾਜ-ਘਾਟ ਤੋਂ ਲੰਘ ਜਾ ਸਕਦੇ ਹੋ। ਜਿਹੜੇ ਰਾਜੇ ਤੁਹਾਡੇ ਨਾਲ ਬਿਨਾਂ ਸ਼ਸਤਰ ਜਾਣਾ ਚਾਹੁਣ ਉਹ ਵੀ ਜਾ ਸਕਦੇ ਹਨ। ਪਰ ਤੁਹਾਡੇ ਪਿਤਾ, ਰਾਜਾ ਭੀਮ ਚੰਦ ਜੀ ਤੇ ਫ਼ੌਜ ਦਾ ਇਕ ਵੀ ਹੋਰ ਸ-ਸ਼ਸਤਰ ਸੈਨਿਕ ਨਹੀਂ ਲੰਘਣ ਦਿਤਾ ਜਾ ਸਕਦਾ। ਉਂਜ ਜੋ ਸਲੂਕ ਤੁਹਾਡੇ ਪਿਤਾ ਜੀ ਨੇ ਸਾਨੂੰ ਬਾਲਕ ਜਾਣ ਕੇ ਸਾਡੇ ਨਾਲ ਕਰਨਾ ਸ਼ੁਰੂ ਕੀਤਾ ਸੀ ਜੇ ਉਹੋ ਤੁਹਾਡੇ ਨਾਲ ਬਦਲੇ ਵਿਚ ਕਰੀਏ ਤਾਂ ਤੁਹਾਨੂੰ ਰੋਕ ਲਈਏ। ਪਰ ਗੁਰੂ-ਘਰ ਦੇ ਆਦਰਸ਼ ਮਹਾਨ ਹਨ। ਜਾਓ ! ਬੇਟਾ ਜਾਓ ! ਫ਼ਤਿਹ ਸ਼ਾਹ ਕੋਈ ਓਪਰਾ ਨਹੀਂ। ਅਸੀਂ ਜੋ ਬਚਨ ਕਹਿ ਚੁੱਕੇ ਹਾਂ ਉਸ ਦੀ ਪਾਲਣਾ ਕਰਾਂਗੇ।'

"ਮੰਤਰੀ ਨੇ ਕਿਹਾ," ਪਰਮ ਕਿਰਪਾਲੂ ਜੀ, ਧੰਨ ਹੋ ਆਪ ! ਆਪ ਉੱਚੇ ਹੋ। ਅਸੀਂ ਕਲਜੁਗੀ ਜੀਵ ਹਾਂ। ਸਾਡੀ ਆਪ ਜੀ ਦੇ ਆਦਰਸ਼ਾਂ ਤਕ ਪਹੁੰਚ ਕਿੱਥੇ।'

ਸਤਿਗੁਰਾਂ ਕਿਹਾ, 'ਤੁਸੀਂ ਕੁਮਾਰ ਦੀ ਰੱਖਿਆ ਲਈ ਪੰਦਰ੍ਹਾਂ ਹੋਰ ਸੈਨਿਕ ਮੰਗਵਾ ਸਕਦੇ ਹੋ। ਕਹੋ ਤਾਂ ਕੁਮਾਰ ਦੀ ਰੱਖਿਆ ਲਈ ਅਸੀਂ ਆਪਣੇ ਸੈਨਿਕ ਭੇਜ ਦੇਈਏ।'

"ਮੰਤਰੀ ਨੇ ਗਦਗਦ ਹੋ ਕੇ ਸਤਿਗੁਰਾਂ ਨੂੰ ਮੱਥਾ ਟੇਕਿਆ ਫੇਰ ਰਾਜਕੁਮਾਰ ਨੇ। ਮੰਤਰੀ ਨੇ ਖਲੋ ਕੇ



www.AKJ.Org

ਬੇਨਤੀ ਕੀਤੀ, 'ਸਤਿਗੁਰੂ ਜੀ, ਆਪ ਨੇ ਸਾਡੇ ਤੇ, ਵਿਸ਼ੇਸ਼ ਕਰ ਕੇ ਮੇਰੇ ਤੇ ਬਹੁਤ ਵੱਡਾ ਅਹਿਸਾਨ ਕੀਤਾ ਹੈ। ਆਪ ਜੀ ਦਾ ਸੁਨੇਹਾ ਹੁਣੇ ਗਿਰ-ਪਤੀਆਂ ਤਕ ਪਹੁੰਚਾ ਦਿਤਾ ਜਾਵੇਗਾ। ਪਰ ਆਪ ਆਪਣੀਆਂ ਸੈਨਾਂ ਨੂੰ ਆਗਿਆ ਕਰ ਦੇਵੋ ਕਿ ਕੁਮਾਰ ਜੀ, ਅੰਗ-ਰਖਸ਼ਕਾਂ, ਡੋਲਾ-ਬਰਦਾਰਾਂ ਤੇ ਮੈਨੂੰ ਰਾਜਘਾਟ ਦੇ ਰਾਹ ਵਿਚ ਕੋਈ ਰੋਕ ਨਾ ਹੋਵੇ ਤੇ ਸੁਰੱਖਿਅਤ ਢੰਗ ਨਾਲ ਸਾਨੂੰ ਜਮਨਾ ਤੋਂ ਪਾਰ ਪਹੁਚਾ ਦਿਤਾ ਜਾਵੇ।'

"ਸਤਿਗੁਰਾਂ ਉਸੇ ਵੇਲੇ ਦੂਤਾਂ ਰਾਹੀਂ ਇਹ ਆਗਿਆ ਹਰ ਨਾਕੇ ਤੇ ਪੰਹੁਚਾ ਦਿੱਤੀ।

"ਇਸ ਤਰ੍ਹਾਂ ਰਾਜਾ ਭੀਮ ਚੰਦ, ਬਰਾਤੀ ਰਾਜੇ ਤੇ ਸ-ਸ਼ਸਤਰ ਸੈਨਾ ਲੰਮੇ-ਬਿਖੜੇ ਰਸਤਿਓਂ ਸਾਹੋ ਤੋਂ ਪਛੜ ਕੇ ਸ੍ਰੀ ਨਗਰ ਪਹੁੰਚੇ। ਭੀਮ ਚੰਦ ਇਸੇ ਕਾਰਨ ਸਤਿਗੁਰੂ ਜੀ ਦਾ ਤੰਬੋਲ ਦੇਖ ਕੇ ਅੱਗ-ਭਬੂਕਾ ਹੋਇਆ। ਫ਼ਤਿਹ ਸ਼ਾਹ ਨੇ ਉਸ ਨੂੰ ਸ਼ਾਂਤ ਕਰਨ ਦੇ ਯਤਨ ਕੀਤੇ, ਪਰ ਉਹ ਕਿਸੇ ਤਰ੍ਹਾਂ ਵੀ ਨਾ ਮੰਨਿਆ ਅਤੇ ਉਸ ਦੀ ਪੁੱਤਰੀ ਦਾ ਡੋਲਾ ਛੱਡ ਕੇ ਜਾਣ ਦੀ ਧਮਕੀ ਦਿੱਤੀ। ਫ਼ਤਿਹ ਸ਼ਾਹ ਡਰ ਗਿਆ ਅਤੇ ਗੁਰੂ ਸਾਹਿਬ ਤੇ ਹਮਲਾ ਕਰਨ ਦੀ ਗੋਂਦ ਹੀ ਵਿਚ ਸ਼ਾਮਲ ਨਾ ਹੋਇਆ ਸਗੋਂ ਆਗੂ ਬਣਨਾ ਵੀ ਸ੍ਵੀਕਾਰ ਕੀਤਾ। ਇਸ ਤਰ੍ਹਾਂ ਪਹਾੜੀ ਰਾਜੇ ਸਮੇਤ ਆਪਣੀਆਂ, ਫਤਿਹ ਸ਼ਾਹ ਦੀਆਂ ਬਾ-ਕਾਇਦਾ ਫ਼ੌਜਾਂ ਤੇ ਹਜ਼ਾਰਾਂ ਦੀ ਗਿਣਤੀ ਵਿਚ ਸ-ਸ਼ਸਤਰ ਮੁਲਖਈਏ ਦੇ, ਰਾਜਾ ਫ਼ਤਿਹ ਸ਼ਾਹ ਦੀ ਅਗਵਾਈ ਵਿਚ ਛੋਟੇ ਰਸਤੇ ਪਾਉਂਟੇ ਵਲ ਵਧੇ। ਸਤਿਗੁਰਾਂ ਦੇ ਸੂਹੀਆਂ ਨੇ ਫ਼ੌਜ ਦੀ ਚੜ੍ਹਾਈ ਬਾਰੇ ਕਈ ਦਿਨ ਪਹਿਲਾਂ ਹੀ ਸਤਿਗੁਰਾਂ ਨੂੰ ਖ਼ਬਰ ਪਹੁੰਚਾ ਦਿਤੀ ਸੀ। (ਚਲਦਾ)

(ਪੰਨਾ ੧੮ ਦਾ ਬਾਕੀ.....)

ਸੰਸਥਾਵਾਂ ਨਾਲ ਸਬੰਧਤ ਸੱਜਣ ਸਿੱਖੀ ਦੀ ਕਸਵੱਟੀ ਉਤੇ ਕਿਸੇ ਪੱਖੋਂ ਵੀ ਪੂਰੇ ਨਹੀਂ ਉਤਰਦੇ। ਕੀ ਕਹੀਏ ਐਸੇ ਸਿੱਖ ਸਰੂਪ ਵਾਲੀ ਲੀਡਰਸ਼ਿਪ ਨੂੰ। ਸਿੱਖ ਦਾ ਮਾਨਸਕ ਤੇ ਆਤਮਕ ਸਰੂਪ ਮਰਯਾਦਾ ਜੇ ਸਿੱਖ ਆਚਰਣ ਦੇ ਪਰਾਇਣ ਨਹੀਂ ਤਾਂ ਉਨ੍ਹਾਂ ਦੇ ਸਿਖੀ ਸਰੂਪ ਦਾ ਕੌਡੀ ਪੰਨਾਂਮੁਲ ਨਹੀਂ। ਮੈਨੂੰ ਅਫਸੋਸ ਹੈ ਉਨ੍ਹਾਂ ਸਜਨਾਂ ਉਤੇ ਜੋ ਕੇਵਲ ਸਿਖੀ ਸਰੂਪ ਉਤੇ ਜ਼ੋਰ ਦਿੰਦੇ ਹਨ ਅਤੇ ਛੋਟ ਮੰਗਦੇ ਹਨ ਸ਼ਰਾਬ ਦੀ, ਬਦਅਖ਼ਲਾਕੀ ਦੀ ਅਤੇ ਹੋਰ ਕੁਕਰਮਾਂ ਦੀ। ਲੋੜ ਹੈ ਅੱਜ ਸਾਨੂੰ ਬੁੱਧੀਮਾਨ ਸਰੇਣੀ ਤੇ ਲੀਡਰ ਸਰੇਣੀ ਵਿੱਚ ਆਪਣਾ ਮਾਨਸਕ ਤੇ ਆਤਮਕ ਸਰੂਪ ਇਖ਼ਲਾਕੀ ਕੀਮਤਾ ਅਨੁਸਾਰ ਢਾਲਣ ਦੀ। ਅੱਜ ਸਿਖੀ ਜਜ਼ਬਾ ਕਈ ਗੁਣਾ ਜ਼ਿਆਦਾ ਹੈ, ਸਿਖੀ ਪ੍ਰਫਲਤ ਹੋ ਰਹੀ ਹੈ । ਸਿੱਖੀ ਲਈ ਚਾਰ ਚੁਫੇਰੇ ਸ਼ਰਧਾ ਵੀ ਵਧ ਰਹੀ ਹੈ, ਪਰ ਸਾਡੇ ਬੁਧੀਵਾਨ ਤੇ ਲੀਡਰ ਤਬਕੇ ਦੇ *'ਮਨ ਹੋਰ ਤੇ ਮੁਖ ਹੋਰ'* ਵਾਲੇ ਕਾਰਨਾਮੇ ਦੇਖ ਸਿਖ ਕੌਮ ਦਾ ਬਾਰ ਬਾਰ ਸਿਰ ਨੀਵਾਂ ਹੁੰਦਾ ਹੈ, ਹਾਲਤ ਦਿਨੋ ਦਿਨ ਨਿਘਰਦੀ ਜਾਂਦੀ ਹੈ। ਮੈਂ ਇਥੇ ਬੈਠੇ ਕੌਮ ਦੇ ਚਿੰਤਕਾ ਦਾ ਧਿਆਨ ਇਸ ਵਲ ਦੁਆਣਾ ਚਾਹੁੰਦਾ ਹਾਂ : ਆਓ ਲੋਕਾਂ ਨੂੰ ਸਿੱਖੀ ਦਾ ਪ੍ਰਚਾਰ ਕਰਨ ਤੋਂ ਪਹਿਲਾਂ ਅਸੀਂ ਆਪਣੇ ਇਖ਼ਲਾਕੀ ਸਰੂਪ ਨੂੰ ਹਰ ਥਾਂ ਸਤਿਕਾਰੇ ਜਾਣ ਵਾਲਾ ਤੇ ਹਰ ਇਕ ਵਿਸ਼ਵਾਸ ਜਿਤਣ ਵਾਲਾ ਬਣਾਈਏ। ਆਓ ਅਸੀਂ ਜੋ ਗੁਰੂ ਗ੍ਰੰਥ ਤੇ ਪੰਥ ਦੇ ਆਦਰਸ਼ਾਂ ਤੋਂ ਬਹੁਤ ਦੂਰ ਹਾਂ, ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਆਦਰਸ਼ਾਂ ਦੀ ਚਰਨ ਸ਼ਰਨ ਅਤੇ ਇਖ਼ਲਾਕੀ ਅਸੂਲਾਂ ਤੇ ਅਮਲ ਕਰੀਏ।

(ਪੰਨਾ ੨੭ ਦਾ ਬਾਕੀ ......)

*ਸਦਾ ਵਸੈ ਸੈਤਾਨੁ"* ਵਾਲਾ ਸਾਖਾ ਹਦਾਇਤ ਮਈ ਹੁਕਮ ਜੋ ਇਹ ਗੁਰਵਾਕ ਦਿੰਦਾ ਹੈ ਉਸ ਤੋਂ ਤਾਂ ਸਾਫ ਸਿਧ ਹੁੰਦਾ ਹੈ ਕਿ ਬੇਦੀਨਾਂ ਕੀ ਦੋਸਤੀ ਅਤੇ ਬੇਦੀਨਾਂ ਕਾ ਖਾਣ ਗੁਰਮਤਿ ਅੰਦਰ ਬਿਬਰਜਤ ਹੈ। ਏਸ ਦਾ ਭਾਵ ਐਨ ਓਹੀ ਹੈ ਜੋ ਅੰਮ੍ਰਿਤ ਛਕਣ ਸਮੇਂ ਦ੍ਰਿੜ੍ਹਾਇਆ ਜਾਂਦਾ ਹੈ ਕਿ ਰੋਟੀ, ਬੇਟੀ ਦੀ ਸਾਂਝ ਵਰਤੋਂ ਖ਼ਾਲਸਾ ਨਾਲ ਹੀ ਰਖਣੀ ਅਨਮਤੀਆਂ ਨਾਲ ਨਹੀਂ ਰਖਣੀ।

*'ਬੇਦੀਨ'* ਪਦ ਉਤੇ ਅਕਸਰ ਇਤਰਾਜ਼ ਇਹ ਹੁੰਦਾ ਹੈ ਕਿ ਕੀ ਗੁਰਮਤਿ ਤੋਂ ਬਿਨਾਂ ਹੋਰ (ਆਨ) ਮਤਾਂ ਵਾਲਿਆਂ ਦਾ ਕੋਈ ਦੀਨ ਨਹੀਂ ? ਕੀ ਸਾਰੇ ਦੀਨ-ਮਜ਼ਹਬ ਬੇਦੀਨੇ ਹਨ ?

ਸੋ ਇਸ ਦਾ ਉਤਰ ਇਹ ਹੈ ਕਿ ਅਸੀਂ ਤਾਂ ਕੇਵਲ ਗੁਰਮਤਿ ਅਸੂਲਾਂ ਦੀ ਕਸੌਟੀ ਅਨੁਸਾਰ *'ਬੇ ਦੀਨ'* ਪਦ ਦੀ ਹੈਸੀਅਤ ਨੂੰ ਪਰਖਣਾ ਹੈ, ਨਾ ਕਿ ਅਨਮਤਾਂ ਦੀ ਆਪੋ ਆਪਣੀ ਅਵਸਥਾ ਅਨੁਸਾਰ।(ਗੁਰਮਤਿ ਅਸੂਲਾਂ ਦੀ ਰੌਸ਼ਨੀ ਦੇ ਸਾਹਮਣੇ ਕੇਵਲ ਗੁਰਮਤਿ ਹੀ ਇਕੋ ਸੱਚਾ ਅਤੇ ਸਦੀਵੀ ਧਰਮ ਹੈ)। ਗੁਰਮਤਿ ਧਰਮ (ਦੀਨ, ਮਜ਼ਹਬ) ਤੋਂ ਬਿਨਾਂ ਜਿਤਨੇ ਭੀ ਹੋਰ ਮਤ-ਮਤਾਂਤਰ ਹਨ ਸਾਡੇ ਵਾਸਤੇ ਇਸ ਵਰਤਮਾਨ ਕਾਲ ਵਿਖੇ (ਫ਼ੀ ਜ਼ਮਾਨਾ) "ਏਕੋ ਧਰਮੁ ਦ੍ਰਿੜੈ ਸਚੁ ਕੋਈ।। ਗੁਰਮਤਿ ਪੂਰਾ ਜੁਗਿ ਜੁਗਿ ਸੋਈ" ਗੁਰਵਾਕ ਦਸਦਾ ਹੈ ਕਿ ਏਕੋ ਗੁਰਮਤਿ ਧਰਮ ਹੀ ਸੱਚਾ ਹੈ ਅਤੇ ਏਸੇ ਨੇ ਹੀ ਜੁਗਾਂ ਜੁਗਾਂਤਰਾਂ ਤਾਈਂ ਪੂਰਾ ਉਤਰਨਾ ਹੈ।

([redacted]' ਪੁਸਤਕ ਵਿਚੋਂ)



www.AKJ.Org

# ਬੁਰੇ ਭਲੇ ਦੀ ਸੋਝੀ ਨਾਹੀ

ਪ੍ਰਿੰ: ਸੱਜਣ ਸਿੰਘ ਜੀ

ਵਿਗਿਆਨ ਦੇ ਯੁਗ ਨੇ ਬੇਸ਼ਕ ਸਾਡੇ ਦਿਮਾਗ ਵਿਚ ਦੁਨਿਆਵੀ ਗਿਆਨ ਦੀ ਰੋਸ਼ਨੀ ਭਰੀ ਹੈ, ਅਦਿਭੁਤ ਖੋਜਾਂ ਨਾਲ ਰਹਿਣ ਸਹਿਣ ਦੇ ਸਤਰ ਨੂੰ ਉੱਚਾ ਉਠਾਇਆ ਹੈ ਪਰ ਮਾਨਸਕ ਅਵਸਥਾ ਵਿਚ ਅਡੋਲਤਾ ਤੇ ਸੰਤੁਲਣ ਭਰਨ ਵਿਚ ਕੋਈ ਸਫਲਤਾ ਦੇ ਚਿੰਨ੍ਹ ਨਹੀਂ ਦਿਖਾਏ। ਇਨਸਾਨ ਦਾ ਮਨ ਪਹਿਲੇ ਦੀ ਤਰ੍ਹਾਂ ਹੀ ਗੁਣਾਂ ਦੀ ਮਹਿਕ ਤੋਂ ਸੁੰਨਾ ਹੈ। ਸਮੁੱਚੇ ਤੌਰ ਤੇ ਦੂਸਰੇ ਬੰਦੇ ਨੂੰ ਹਾਨੀ ਪਹੁੰਚਾਉਣ ਦੀ ਭਾਵਨਾ ਬਦਸੂਤਰ ਕਾਇਮ ਹੈ। ਬੱਚੇ ਦਾ ਮਨ ਸਹਿਜ ਸੁਭਾ ਹੀ ਸ਼ੀਸ਼ੇ ਵਾਂਗਰ ਸਾਫ ਤੇ ਨਿਰਮਲ ਹੁੰਦਾ ਹੈ ਪਰ ਜਿਉਂ ਜਿਉਂ ਨਵੇਂ ਜ਼ਮਾਨੇ ਕੀ ਹਵਾ ਲੱਗਦੀ ਹੈ ਤੇ ਉਹ ਵੱਡਾ ਹੁੰਦਾ ਹੈ, ਉਸ ਦਾ ਮਨ ਸੱਚਾਈ ਤੇ ਮਾਸੂਮੀਅਤ ਨੂੰ ਤਿਆਗ ਕੇ ਬੁਰਿਆਈਆਂ ਤੇ ਔਗੁਣਾਂ ਨਾਲ ਕਾਲੂਖਤ ਹੋਣਾ ਸ਼ੁਰੂ ਹੁੰਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਦੇ ਫੁਰਮਾਨ ਅਨੁਸਾਰ ਧਰਤੀ ਧਰਮ ਸਾਲ ਹੈ, ਇਹ ਕਰਮ ਕਮਾਵਨ ਦੀ ਜਗ੍ਹਾ ਹੈ। ਸੰਸਾਰ ਜਾਂ ਸਰੀਰ ਦੇ ਵਿਰੋਧੀ ਤੱਤਾਂ ਜਾਂ ਸ਼ਕਤੀਆਂ ਦੇ ਸੰਘਰਸ਼ ਦਾ ਅਖਾੜਾ ਹੈ। ਇਸ ਵਿਚ ਸੱਚ ਤੇ ਝੂਠ ਦੀ, ਪਰਉਪਕਾਰ ਤੇ ਸੁਆਰਥ ਦੀ, ਪੁੰਨ ਤੇ ਪਾਪ ਦੀ, ਗੁਣਾਂ ਤੇ ਔਗੁਣਾਂ ਦੀ, ਨੇਕੀ ਤੇ ਬਦੀ ਦੀ, ਅਰਥਾਤ ਚੰਗਿਆਈ ਤੇ ਬੁਰਿਆਈ ਦੀ ਟੱਕਰ ਹੁੰਦੀ ਰਹਿੰਦੀ ਹੈ ਤੇ ਹੁੰਦੀ ਰਹੇਗੀ। ਗੁਰਦੇਵ ਜੀ ਫੁਰਮਾਉਂਦੇ ਹਨ :-

ਪੁੰਨੀ ਪਾਪੀ ਆਖਣੁ ਨਾਹਿ।।
ਕਰਿ ਕਰਿ ਕਰਣਾ ਲਿਖਿ ਲੈ ਜਾਹੁ।। (ਜਪੁ ਜੀ)

ਅਰਥਾਤ ਪੁੰਨ ਤੇ ਪਾਪ ਕੇਵਲ ਕਹਿਣ ਮਾਤਰ ਹੀ ਨਹੀਂ, ਅਸੀਂ ਜਿਹੜੇ ਵੀ ਚੰਗੇ ਜਾਂ ਭੈੜੇ ਕਰਮ ਕਰਦੇ ਹਾਂ, ਉਨ੍ਹਾਂ ਦਾ ਫਲ ਸਾਨੂੰ ਅਵੱਸ਼ ਭੁਗਤਣਾ ਪਵੇਗਾ।

ਭਲਾਈ ਦੇ ਕਰਮਾਂ ਤੋਂ ਸੱਖਣਾ ਤੇ ਨਾਮ ਤੋਂ ਘੁੱਥਾ ਪ੍ਰਾਣੀ ਤਾਂ ਪਸ਼ੂਆਂ ਤੋਂ ਭੀ ਭੈੜਾ ਹੈ। ਪਸ਼ੂ ਅਗਿਆਨਤਾ ਕਾਰਣ ਜਾਂ ਆਪਣੀ ਵਾਦੀ ਅਨੁਸਾਰ ਭਲੇ ਬੁਰੇ ਕੰਮ ਕਰਦੇ ਹਨ, ਫਿਰ, ਵੀ ਖੜ ਖਾਕੇ ਅੰਮ੍ਰਿਤ ਰੂਪੀ ਦੁੱਧ ਦਿੰਦੇ ਹਨ ਪਰ ਇਨਸਾਨ ਸਭ ਕੁਛ ਜਾਣਦਾ ਹੋਇਆ ਵੀ ਕਿ ਬੀਜ ਨੇ ਉੱਗ ਕੇ ਫਲ ਦੇਣਾ ਹੀ ਹੈ ਭਲੇ ਕੰਮਾਂ ਵਿਚ ਸੁਸਤੀ ਤੇ ਬੁਰੇ ਕੰਮਾਂ ਵਿਚ ਅਤਿਅੰਤ ਚੁਸਤੀ ਦਰਸਾਉਂਦਾ ਹੈ।

ਸਲੋਕ ਮ: ੫।।
ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ।।
ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ।।
(ਗੂਜਰੀ ਵਾਰ ਮਹਲਾ ੫ ਪੰਨਾ-੫੧੮)

ਇਨਸਾਨ ਦੀ ਇਸ ਖਸਲਤ ਨੂੰ ਭਲੀ ਭਾਂਤ ਜਾਣਦਿਆਂ ਹੋਇਆਂ ਉਪਦੇਸ਼ ਦਿੰਦੇ ਹਨ ਕਿ ਧਰਮ ਦੇ ਕੰਮ ਵਿਚ ਦੇਰੀ ਨ ਕਰੋ, ਜੇ ਕਰਨੀ ਹੈ ਪਾਪ ਦੇ ਕੰਮ ਵਿਚ ਦੇਰੀ ਕਰੋ।

ਵਿਦਵਾਨਾਂ ਨੇ ਭਲਿਆਂ ਤੇ ਬੁਰਿਆਂ ਨੂੰ ਹੇਠ ਲਿਖੇ ਵਰਗਾਂ ਵਿਚ ਵੰਡਿਆਂ ਹੈ :-

੧. ਬੁਰੇ ਤੇ ਭਲੇ ਨਾਲ ਬੁਰਿਆਈ ਕਰਨੀ। ਅਜਿਹਾ ਪੁਰਸ਼ ਮਨ ਰਸਨਾ ਤੇ ਕਰਮ ਕਰਕੇ ਬੁਰਿਆਈ ਦੀ ਮੂਰਤੀ ਹੈ। ਇਹ ਕੁਬੱਧੀ ਵੀ ਪ੍ਰਭੂ ਦੀ ਬਖ਼ਸ਼ਸ਼ ਹੈ ਇਸ ਕਰਕੇ ਇਸ ਦਾ ਸੁਧਾਰ ਕਰਨਾ ਬੰਦੇ ਦਾ ਕੰਮ ਨਹੀ। ਇਸ ਦੀਆਂ ਨਜ਼ਰਾਂ ਵਿਚ ਸਾਰਾ ਸੰਸਾਰ ਬੁਰਾਈ ਦਾ ਰੂਪ ਹੈ ਤੇ ਉਸ ਨੂੰ ਕੋਈ ਭਲਾ ਪੁਰਸ਼ ਦਿਖਾਈ ਨਹੀਂ ਦਿੰਦਾ। ਇਸ ਵਰਗ ਦੇ ਤਲ ਤੋਂ ਉਹ ਪੁਰਸ਼ ਉੱਚਾ ਹੈ ਜਿਹੜਾ ਭਲਿਆਂ ਨਾਲ ਬੁਰਿਆਈ ਨਹੀਂ ਕਰਦਾ।

੨. ਭਲਿਆਂ ਨਾਲ ਭਲਾਈ ਅਤੇ ਬੁਰਿਆਂ ਨਾਲ ਬੁਰਾਈ ਕਰਨੀ। ਇਹ ਸਾਧਾਰਣ ਪੁਰਸ਼ ਦੀ ਅਵਸਥਾ ਹੈ ਤੇ ਉਸ ਦੇ ਅੰਦਰ ਬੁਰਿਆਈ ਦਾ ਅਜੇ ਅੰਸ਼ ਹੈ। ਇਸ ਤੋਂ ਉੱਚੀ ਅਵਸਥਾ ਉਸ ਪੁਰਸ਼ ਦੀ ਹੈ। ਜਿਹੜਾ ਬੁਰਿਆਂ ਨਾਲ ਬੁਰਿਆਈ ਨਹੀਂ ਕਰਦਾ ਤੇ ਰੱਬੀ ਭੈ ਵਿਚ ਵਿਚਰਦਾ ਹੈ।

੩. ਭਲਿਆਂ ਨਾਲ ਅਤੇ ਬੁਰਿਆਂ ਨਾਲ ਸਭ ਨਾਲ ਭਲਾਈ ਐਸੀ ਅਵਸਥਾ ਬ੍ਰਹਮ ਗਿਆਨੀ ਨੂੰ ਹੀ ਫਲਦੀ ਹੈ। ਰੀਸ ਕਰਨ ਨਾਲ ਕੋਈ ਬੰਦਾ ਜੀਵਨ ਮੁਕਤੀ ਦੀ ਪਦਵੀ ਤਕ ਪਹੁੰਚ ਨਹੀਂ ਸਕਦਾ। ਬ੍ਰਹਮ ਗਿਆਨੀ ਦੇ ਲੱਛਣਾਂ ਬਾਰੇ ਪੰਚਮ ਪਾਤਸ਼ਾਹ ਦੇ ਫੁਰਮਾਨ ਹਨ-

ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ।।
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ।।
(ਸੁਖਮਨੀ ਸਾਹਿਬ)

ਬ੍ਰਹਮ ਗਿਆਨੀ ਕੈ ਹੋਇ ਸੁ ਭਲਾ।।
ਬ੍ਰਹਮ ਗਿਆਨੀ ਸੁਫਲ ਫਲਾ।।
(ਸੁਖਮਨੀ ਸਾਹਿਬ)

ਭਾਈ ਗੁਰਦਾਸ ਜੀ ਨੇ ਇਸ ਵਿਚਾਰ ਧਾਰਾ ਨੂੰ ਆਪਣੇ ਸ਼ਬਦਾਂ ਵਿਚ ਇਉਂ ਅੰਕਿਤ ਕੀਤਾ ਹੈ :-

ਆਪ ਭਲਾ ਸਭੁ ਜਗੁ ਭਲਾ,
ਸਭੁ ਕੋ ਭਲਾ, ਭਲਾ ਕਰਿ ਦੇਖੈ।।
ਆਪ ਬੁਰਾ ਸਭ ਜਗੁ ਬੁਰਾ,
ਸਭੁ ਕੋ ਬੁਰਾ ਬੁਰੇ ਦੇ ਲੇਖੈ।।

ਦੇਖਣ ਨੂੰ ਭਾਵੇਂ ਸਭ ਬੰਦਿਆਂ ਦੀ ਸੂਰਤ ਇਨਸਾਨੀ ਪਰ ਸੰਗਤ ਵਿਚ ਕਿੰਨਾਂ ਅੰਤਰ ਹੈ।

ਇਕ ਪਾਸੇ ਨਿੰਦਕਾਂ, ਦੁਸ਼ਟਾਂ ਨੂੰ ਸਤਿਗੁਰੂ ਦੀ ਵਡਿਆਈ ਤੇ ਪ੍ਰਤਿਭਾ ਮੂਲੋਂ ਹੀ ਚੰਗੀ ਨਹੀਂ ਲੱਗਦੀ।

ਗੁਰ ਸਤਿਗੁਰ ਵਿਚ ਨਾਵੈ ਕੀ
ਵਡੀ ਵਡਿਆਈ ਹਰਿ ਕਰਤੈ ਆਪਿ ਵਧਾਈ।।
ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨਿ
ਓਨਾ ਅੰਦਰਿ ਹਿਰਦੈ ਭਾਈ।।



www.AKJ.Org

ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ
ਓਨਾ ਪਰਾਇਆ ਭਲਾ ਨ ਸੁਖਾਈ।।
(ਬਿਲਾਵਲ ਕੀ ਵਾਰ ਮ: ੪, ੮੫੦)

ਦੂਸਰੇ ਪਾਸੇ ਪ੍ਰਭੂ ਨਾਲ ਜੁੜਨ ਵਾਲਿਆਂ ਨੂੰ ਸਭ ਮਿਤਰ ਦਿਖਾਈ ਦਿੰਦੇ ਹਨ। ਹਰਿ ਸਿਉ ਜੁਰੈ ਤ ਸਭੁ ਕੋ ਮੀਤੁ।। (੨੩੮)। ਐਸੇ ਗੁਰਮੁਖ ਜਨਾਂ ਨੇ ਆਪਾ ਚੀਨਿਆਂ ਹੁੰਦਾ ਹੈ ਤੇ ਉਨ੍ਹਾਂ ਨੂੰ ਪਰਮਾਤਮਾ ਦੀ ਜੋਤਿ ਬਿਨ੍ਹਾਂ ਕੁਝ ਵੀ ਪਰਤੀਤ ਨਹੀਂ ਹੁੰਦਾ, ਚੰਗਿਆਈ ਹੀ ਦਿਸਦੀ ਹੈ, ਬੁਰਿਆਈ ਬਿਲਕੁਲ ਨਜ਼ਰ ਨਹੀਂ ਆਉਂਦੀ। ਗੁਰਵਾਕ ਹੈ :-

ਗੁਰਮੁਖਿ ਆਪੁ ਪਛਾਣੀਐ ਬੁਰਾ ਨ ਦੀਸੈ ਕੋਇ।।
(੧੨੪੪)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ "ਆਪੇ ਬੀਜ ਆਪੇ ਹੀ ਖਾਹੁ" ਜਿਸ ਦੇ ਆਧਾਰ ਤੇਂ 'ਅੰਤ ਬੁਰੇ ਦਾ ਬੁਰਾ' ਪ੍ਰਸਿੱਧ ਕਹਾਵਤ ਹੈ, ਸਾਨੂੰ ਬੁਰੇ ਕੰਮਾਂ ਦੇ ਫਲ ਤੋਂ ਸਾਵਧਾਨ ਕਰਦਾ ਹੈ। ਭਗਤ ਫਰੀਦ ਅਨੁਸਾਰ, ਬੀਜਣਾਂ ਤਾਂ ਸੂਲਾਂ ਵਾਲੀ ਕਿੱਕਰ ਦਾ ਬੀਜ ਤੇ ਇਛਿਆ ਰਖਣੀ ਰੇਸ਼ਮੀ ਪੱਟ ਦੀ, ਨਿਰੀ ਮੂਰਖਤਾ ਤੇ ਅਗਿਆਨਤਾ ਹੈ। ਕੋਈ ਪੁਰਖ ਮਨ, ਬਚ, ਕਰਮ ਕਰਕੇ ਬੁਰਿਆਈ ਕਰੇ ਅੰਤ ਨੂੰ ਦੁਖੀ ਤੇ ਖੁਆਰ ਹੋ ਕੇ ਰਹੇਗਾ।

(ਮਨ ਕਰਕੇ) ਇਹ ਤਾਂ ਹੋ ਸਕਦਾ ਹੈ ਕਿ ਮਨ ਕਰ ਕੇ ਬੁਰਾ ਚਿਤਵਨ ਵਾਲੀ ਪ੍ਰਾਣੀ ਦੂਸਰਿਆਂ ਨੂੰ ਹਾਨੀ ਨਾ ਪਹੁੰਚਾ ਸਕੇ ਪਰ ਇਹ ਅਸੰਭਵ ਹੈ ਕਿ ਉਹ ਤਨ, ਮਨ ਨੂੰ ਸਰੀਰਕ ਤੇ ਮਾਨਸਿਕ ਰੋਗਾਂ ਤੋਂ ਬਚਾ ਸਕੇ। ਪੰਚਮ ਪਾਤਸ਼ਾਹ ਦਾ ਫੁਰਮਾਨ ਕਿੰਨਾ ਸੁੰਦਰ ਤੇ ਯਥਾਰਥ ਭਰਿਆ ਹੈ।

ਪਰ ਕਾ ਬੁਰਾ ਨ ਰਾਖਹੁ ਚੀਤਿ।।
ਤੁਮ ਕਉ ਦੁਖ ਨ ਭਾਈ ਮੀਤ।।
(ਆਸਾ ਮਹਲਾ ੫, ੩੮੬)

ਜੇ ਸਾਡੀ ਦਿਲੀ ਖਾਹਿਸ਼ ਹੈ ਕਿ ਅਸੀਂ ਬੁਰਿਆਈ ਦਾ ਸ਼ਿਕਾਰ ਨਾ ਬਣੀਏ ਤਾਂ ਸਾਨੂੰ ਆਪਣੇ ਮਨ ਤੋਂ ਬੁਰਿਆਈ ਮਿਟਾਉਣੀ ਪਵੇਗੀ। ਗੁਰ ਫੁਰਮਾਨ ਹੈ :-

ਬੀਰਾ ਆਪਨ ਬੁਰਾ ਮਿਟਾਵੈ।।
ਤਾਹੂ ਬੁਰਾ ਨਿਕਟਿ ਨਹੀ ਆਵੈ।।
ਬਾਵਨ ਅਖਰੀ (੨੫੮)

ਜੇ ਇਹ ਜੀਵ ਕਿਸ ਨੂੰ ਮੰਦਾ ਸਮਝੇਗਾ ਤੇ ਮੰਦਾ ਆਖੇਗਾ, ਤਾਂ ਸਾਰੇ ਹੀ ਬੁਰਿਆਈ ਦਾ ਫੰਧਾ ਇਸ ਦੇ ਗਲ ਵਿਚ ਪਾਉਣ ਦਾ ਯਤਨ ਕਰਨਗੇ। ਸਚੇ ਪਾਤਸ਼ਾਹ ਦੇ ਅਮੋਲਕ ਬਚਨ ਹਨ :-

ਜਬ ਕਿਸ ਕਉ ਇਹੁ ਜਾਨਸਿ ਮੰਦਾ।।
ਤਬ ਸਗਲੇ ਇਸੁ ਮੇਲਹਿ ਫੰਦਾ।।
ਮੇਰ ਤੇਰ ਜਬ ਇਨਹਿ ਚੁਕਾਈ।।
ਤਾਂ ਤੇ ਇਸੁ ਸੰਗਿ ਨਹੀ ਬੈਰਾਈ।। ੨੩੫।।

ਜ਼ਬਾਨ ਨਾਲ ਬੁਰੀ ਗੱਲ (ਭਾਵੇਂ ਸੱਚੀ ਹੀ ਕਿਉਂ ਨ ਹੋਵੈ) ਜੇ ਸਬੰਧਤ ਪ੍ਰਾਣੀ ਦੇ ਸਾਹਮਣੇ ਕੀਤੀ ਜਾਵੇ ਤਾਂ ਕਲਿ ਕਲੇਸ਼ ਵੱਧਣ ਦਾ ਸਹਸਾ ਹੁੰਦਾ ਹੈ। ਗੈਰ ਹਾਜ਼ਰੀ ਵਿਚ ਬੁਰਿਆਈ ਕਰਨ ਵਾਲੇ ਨੂੰ ਨਿੰਦਕ ਆਖਿਆ ਜਾਂਦਾ ਹੈ। ਕਦੇ ਕਦੇ ਬੁਰਾ ਆਖਣ ਨਾਲ ਹੀ ਦਿਲ ਦਾ ਉਬਾਲ ਨਿਕਲ ਜਾਂਦਾ ਹੈ ਤੇ ਪ੍ਰਾਣੀ ਬੁਰਾਈ ਕਰਨ ਦੀ ਨੌਬਤ ਤਕ ਨਹੀਂ ਪਹੁੰਚਦਾ।

(ਬੁਰਾ ਕਰਨਾ) ਬੁਰਾ ਕਰਨਾ ਬੁਰਿਆਈ ਦਾ ਸਿਖਰ ਹੈ, ਤੇ ਬੁਰੀ ਨੀਅਤ ਦਾ ਪ੍ਰਗਟਾਵਾ ਹੈ। ਇਸ ਨਾਲ ਕਿਸੇ ਵਿਅਕਤੀ ਨੂੰ ਕਿੰਨਾ ਕੁ ਨੁਕਸਾਨ ਪਹੁੰਚਦਾ ਹੈ,ਪਰਮਾਤਮਾ ਦੇ ਹੱਥ ਵਿਚ ਹੈ। ਇਸ ਦੇ ਇਲਾਵਾ ਸ਼ਾਂਤੀ ਤੇ ਠੰਡਕ, ਹੰਕਾਰ 'ਚ ਮੱਤੇ ਕ੍ਰੋਧੀ ਪੁਰਸ਼ ਦੇ ਨਿਕਟ ਨਹੀਂ ਆਉਂਦੀ। ਪਹਿਲਾਂ ਆਪ ਉਹ ਕ੍ਰੋਧ ਦੀ ਅੱਗ ਵਿਚ ਸੜਦਾ ਹੈ। ਫਿਰ ਦੂਸਰੇ ਨੂੰ ਸਾੜਨ ਦਾ ਉਪਰਾਲਾ ਕਰਦਾ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ :-

ਬੁਰਾ ਕਰੇ ਸੁ ਕੇਹਾ ਸਿਝੈ।।
ਆਪਣੈ ਰੋਹਿ ਆਪੇ ਹੀ ਦਝੈ।।
ਮਨਮੁਖਿ ਕਮਲਾ ਰਗੜੈ ਲੁਝੈ।।
ਗੁਰਮੁਖਿ ਹੋਇ ਤਿਸੁ ਸਭ ਕਿਛੁ ਸੁਝੈ।।
ਨਾਨਕ ਗੁਰਮੁਖਿ ਮਨ ਸਿਉ ਲੁਝੈ।। ੪੬।।

(ਸਲੋਕ ਵਾਰਾਂ ਤੇ ਵਧੀਕ) ਬੁਰਿਆਈ ਕਿਸੇ ਰੂਪ ਵਿਚ ਵੀ ਹੋਵੇ, ਇਕ ਮਹਾਨ ਅਉਗੁਣ ਹੈ ਜਿਸ ਤੋਂ ਸਾਵਧਾਨ ਰੱਖਣ ਲਈ ਗੁਰਬਾਣੀ ਦੇ ਅੰਮ੍ਰਿਤ ਬਚਨ ਪੱਥ ਪਰਦਰਸ਼ਕ ਹਨ, ਸੰਸਾਰਕ ਤੇ ਅਧਿਆਤਮਕ ਸਮੱਸਿਆਵਾਂ ਦਾ ਹਲ ਸੁਖੈਨ ਤੇ ਸਪਸ਼ਟ ਦਰਸਾਉਂਦੇ ਹਨ। ਬੁਰਿਆਈ ਦੇ ਤਿਆਗ ਤੇ ਚੰਗਿਆਈ ਦੇ ਗ੍ਰਹਿਣ ਕਰ ਕੇ ਹੀ ਮਨਮੁਖ ਸ਼ੈਤਾਨ ਤੋਂ ਦੇਵਤਾ ਬਣਦਾ ਹੈ। ਇਸ ਕਰਕੇ ਬੁਰਿਆਈ ਦੀ ਪ੍ਰਕ੍ਰਿਤਾ ਬਾਰੇ ਜਾਨਣਾ ਜ਼ਰੂਰੀ ਹੈ।

ਖੁਦਗ਼ਰਜ਼ੀ :- ਖੁਦਗਰਜ਼ੀ ਬੁਰਾਈ ਦੀ ਜੜ੍ਹ ਹੈ। ਸੁਆਰਥੀ ਪੁਰਸ਼ ਆਪਣੇ ਜਾਂ ਆਪਣੇ ਪਰਿਵਾਰ ਦੇ ਭਲੇ ਲਈ ਬੁਰੇ ਕੰਮਾਂ ਤੋਂ ਸੰਕੋਚ ਨਹੀਂ ਕਰਦਾ। ਭਗਤ ਕਬੀਰ ਜੀ ਦੇ ਬਚਨ ਹਨ :-

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ।।
ਸੁਤ ਦਾਰਾ ਪਹਿ ਆਨਿ ਲੁਟਾਵੈ।।
(ਕਬੀਰ ਜੀ ਸੋਰਠਿ ੬੫੬)

ਤਾਂ ਤੇ ਆਪਣੇ ਬੇਗਾਨੇ ਦੀ ਭਾਵਨਾ ਭਲਾਈ ਤੇ ਬੁਰਿਆਈ ਦਾ ਕਾਰਨ ਬਣਦੀ ਹੈ।

ਖੁਦੀ :- ਖੁਦੀ ਖੁਦਗਰਜ਼ੀ ਦੀ ਭੈਣ ਹੈ। ਆਪਣੀ ਹੰਗਤਾਂ ਨੂੰ ਪੱਠੇ ਪਾਉਣ ਦੀ ਲਾਲਸਾ ਚੰਗਿਆਈ ਵਿਸਾਰ ਦੇਂਦੀ ਹੈ। ਇਸ ਬਾਰੇ ਪਾਵਨ ਫੁਰਮਾਨ ਹੈ। "ਆਪਸ ਕਉ ਜੋ ਭਲਾ ਕਹਾਵੈ।। ਤਿਸਹਿ ਭਲਾਈ ਨਿਕਟਿ ਨ ਆਵੈ।।" ਪਰ ਜੋ ਮਨ ਵਿਚ ਨਿਮਰਤਾ ਪਰਵੇਸ਼ ਕਰ ਜਾਇ ਤਾਂ ਉਸ ਦੀ ਸ਼ੋਭਾ ਤੇ ਵਡਿਆਈ ਸਾਰੇ ਫੈਲ ਜਾਂਦੀ ਹੈ। ਸਰਬ ਕੀ ਰੇਨ ਜਾ ਕਾ ਮਨ ਹੋਇ।। ਕਹੁ ਨਾਨਕ ਤਾ ਕੀ ਨਿਰਮਲ ਸੋਇ।। (ਸੁਖਮਨੀ ਸਾਹਿਬ)



www.AKJ.Org

ਤਕੱਬਰ ਤੇ ਹਉਮੈ ਗ੍ਰਸਤ ਨੂੰ ਏਨੀ ਤਮੀਜ਼ ਭੀ ਨਹੀਂ ਰਹਿੰਦੀ ਕਿ ਉਹ ਭਲਾਈ ਤੇ ਬੁਰਾਈ ਦੀ ਪਛਾਣ ਕਰ ਸਕੇ। ਉਸ ਨੂੰ ਇਹ ਸੋਝੀ ਨਹੀਂ ਹੁੰਦੀ ਕਿ ਇਸ ਅਪਣੱਤ ਜਾਂ ਖੁਦੀ ਤੋਂ ਸਾਰੇ ਵਿਕਾਰਾਂ ਦਾ ਜਨਮ ਹੁੰਦਾ ਹੈ। ਪਾਵਨ ਹੁਕਮ ਹੈ। ਮਾਰੂ ਮਹਲਾ ੩ ਘਰੁ ੧।।....

ਬੁਰਾ ਭਲਾ ਕਿਛੁ ਆਪਸ ਤੇ ਜਾਨਿਆ
ਏਈ ਸਗਲ ਵਿਕਾਰਾ।।
ਇਹ ਫੁਰਮਾਇਆ ਖਸਮ ਕਾ ਹੋਆ
ਵਰਤੈ ਇਹ ਸੰਸਾਰਾ।। (੯੯੩)

**ਦ੍ਵੈਤ ਭਾਵਨਾ** :- ਇਕ ਹੋਰ ਅਦ੍ਰਿਸਟ ਅਉਗਣ ਦ੍ਵੈਤ ਭਾਵਨਾ ਹੈ ਜਿਹੜੀ ਵੱਖਰਾਪਨ ਦੀ ਲਖਾਇਕ ਹੈ ਤੇ ਦੇਵੀ ਗੁਣਾਂਦੀ ਘਾਟ ਨੂੰ ਦਰਸਾਉਂਦੀ ਹੈ।ਪ੍ਰਭੂ ਤੋਂ ਵਿਛੋੜਾ ਹੋਣਾ ਅਵਗੁਣਾਂ ਨੂੰ ਸੱਦਾ ਦੇਣ ਬਰਾਬਰ ਹੈ। ਦ੍ਵੈਤ ਭਾਵਨਾ ਪਰਮਾਤਮਾ ਤੋਂ ਵਿਛੋੜ ਕੇ ਜਗਤ ਦੇ ਪਦਾਰਥਾਂ ਵਿੱਚ ਲਿਪਤ ਕਰਦੀ ਹੈ। ਦਾਤਾ ਵਿਸਾਰ ਕੇ ਦਾਤਾਂ ਵਿੱਚ ਖੱਚਤ ਕਰਦੀ ਹੈ। ਗੁਰਮੁਖ ਦੀ ਦ੍ਰਿਸ਼ਟੀ ਇਕਰਸ ਇਕ ਸਮਾਨ ਹੈ ਜਦਕਿ ਮਨਮੁਖ ਦੀ ਦ੍ਰਿਸ਼ਟੀ ਭਿੰਨਤਾ ਉਪਜਾਉਂਦੀ ਹੈ ਤੇ ਪ੍ਰਭੂ ਤੋਂ ਤੋੜਦੀ ਹੈ। ਗੁਰਵਾਕ ਹੈ:-

ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ।।
ਗੁਰਮੁਖਿ ਏਕੋ ਬੁਝਿਆ ਏਕਸ ਮਾਹਿ ਸਮਾਇ।।
(ਸੂਹੀ ਮਹਲਾ ੩-੭੫੭)

ਉਸ ਬੰਦੇ ਦੀ ਦਸ਼ਾ ਕਿੰਨੀ ਨਿੱਘਰੀ ਹੋਈ ਹੋਵੇਗੀ ਜਿਹੜਾ ਦੂਜੇ ਪੁਰਸ਼ ਦੀ ਨਿੰਦਾ, ਚੁਗਲੀ ਤੇ ਬੁਰਿਆਈ ਕਰਨ ਲਈ ਤੱਤਪਰ ਰਹਿੰਦਾ ਹੈ ਪਰ ਗਿਰੇਵਾਨ ਵਿਖੇ ਝਾਕ ਕੇ ਨਹੀਂ ਤੱਕਦਾ ਕਿ ਉਸ ਦਾ ਆਪਦਾ ਹਿਰਦਾ ਕਿੰਨੇ ਕੁ ਅਉਗੁਣਾਂ ਨਾਲ ਭਰਪੂਰ ਹੈ। ਦੇਖਣ ਵਿਚ ਆਉਂਦਾ ਹੈ ਕਿ ਪਰਮਾਤਮਾ ਨੇ ਕਿਸੇ ਭਾਂਡੇ ਵਿਚ ਜੋ ਕਿਛੁ ਭੀ ਪਾਇਆ ਹੈ, ਉਹੀ ਨਿਕਲਦਾ ਹੈ ਤੇ ਇਨਸਾਨ ਦੇ ਲੱਖ ਜਤਨ ਕਰਨ ਦੇ ਬਾਵਜੂਦ ਭੀ ਬਦਲਦਾ ਨਹੀਂ। ਗੁਰਮੁਖ ਜਨ ਦੀ ਸੰਗਤ ਤੇ ਸਤਿਗੁਰੂ ਦੀ ਬਖਸ਼ਸ਼ ਹੀ ਉਸ ਦੇ ਹਿਰਦੇ ਵਿਚ ਤਬਦੀਲੀ ਲਿਆ ਸਕਦੀ ਹੈ, ਹੋਰ ਸਾਰੇ ਸੰਸਾਰਕ ਉਪਰਾਲੇ ਨਿਹਫਲ ਜਾਂਦੇ ਹਨ।

ਦਾਤਾਰ ਸਤਿਗੁਰੂ ਜੀ ਅਥਾਹਿ ਰਹਿਮਤ ਹਨ। ਉਨ੍ਹਾਂ ਦੀ ਬਖਸ਼ਸ਼ ਦੇ ਬੱਦਲ ਸਦੈਵ ਅੰਮ੍ਰਿਤ ਦੀ ਵਰਖਾ ਕਰਦੇ ਹਨ। ਪਰ ਸਾਡੇ ਮਨ ਕਲੱਰ ਨਿਆਈਂ ਹੋਣ ਕਰਕੇ ਸੁਕੇ ਬੰਜਰ ਰਹਿੰਦੇ ਹਨ। ਇਹ ਸਤਿਗੁਰ ਦੀ ਅਪਣੀ ਨਦਰਿ ਹੈ ਕਿ ਉਹ ਕਲਰ ਧਰਤੀ ਨੂੰ ਉਪਜਾਊ ਧਰਤੀ ਵਿਚ ਬਦਲ ਦੇਵੇ।ਬਖਸ਼ਸ਼ ਦਾ ਪਾਤਰ ਬਣਨ ਲਈ ਸੱਚੇ ਹਿਰਦੇ ਵਿਚੋਂ ਪ੍ਰੇਮ ਤੇ ਇਕਾਗਰਤਾ ਭਰਪੂਰ ਅਰਦਾਸ ਹੀ ਬਣਦੀ ਹੈ, ਇਸ ਆਸ ਨਾਲ ਕਿ ਸ਼ਾਇਦ ਗੁਰਦੇਵ ਜੀ ਸਾਡੇ ਤੇ ਤ੍ਰੁਠ ਪੌਣ ਤੇ ਸਾਨੂੰ ਅਪਣਾ ਬਣਾ ਲੈਣ। ਪਾਵਨ ਹੁਕਮ ਹੈ:-

ਪ੍ਰਭ ਜੀਉ ਖਸਮਾਨਾ ਕਰਿ ਪਿਆਰੇ।।
ਬੁਰੇ ਭਲੇ ਹਮ ਥਾਰੇ।।
(ਸੋਰਠਿ ਮਹਲਾ ੫,ਪੰਨਾ ੬੩੧)

ਇਹ ਤਾਂ ਅਗਿਆਨੀ ਪੁਰਸ਼ ਦੀ ਦਸ਼ਾ ਹੈ ਪਰ ਜੇ ਬੁਰੇ ਆਦਮੀ ਨੂੰ ਸੱਤਾ ਨਸੀਬ ਹੋ ਜਾਇ ਤਾਂ ਉਹ ਅੱਤ ਦਾ ਨਿਰਦਈ ਤੇ ਕਠੋਰ-ਚਿਤ ਬਣ ਜਾਂਦਾ ਹੈ। ਹਉਮੈ ਤੇ ਸ਼ਕਤੀ ਵਿਚ ਅੰਨੇ ਹੋਏ ਦਾ ਇਲਾਜ ਸੌਖਾ ਨਹੀਂ, ਕਿਉਂਕਿ ਉਹ ਆਪਣੇ ਆਪ ਨੂੰ ਸੁਧਾਰਨਾ ਨਹੀਂ ਚਾਹੁੰਦਾ। ਕੁਦਰਤ ਦੀ ਮਾਰ ਜਾਂ ਤਕੜੀ ਠੋਕਰ ਹੀ ਉਸ ਦੀ ਆਤਮਾ ਨੂੰ ਝੰਝੋੜਨ ਵਿਚ ਸਫਲ ਹੁੰਦੀ ਹੈ।

ਔਰੰਗਜ਼ੇਬ ਏਨਾ ਭੈੜਾ ਨਹੀਂ ਸੀ ਬਣ ਸਕਦਾ, ਜੇ ਉਸ ਨੂੰ ਹਕੂਮਤ ਕਰਨ ਦੀ ਪਦਵੀ ਨਸੀਬ ਨ ਹੁੰਦੀ। ਨੇਕ ਪੁਰਸ਼ ਤਾਕਤ ਦੀ ਵਰਤੋਂ ਆਪਣੀ ਰੁਚੀ ਅਨੁਸਾਰ ਤੇ ਭੈੜਾ ਪੁਰਸ਼ ਤਾਕਤ ਦਾ ਪ੍ਰਯੋਗ ਆਪਣੀ ਬਦਨੀਤੀ ਅਨੁਸਾਰ ਕਰਦਾ ਹੈ। ਇਉਂ ਔਰੰਗਜ਼ੇਬ ਨੇ ਨਿਰਦੋਸ਼ ਹਿੰਦੂਆਂ, ਭਲੇ ਪੁਰਸ਼ਾਂ ਤੇ ਧਾਰਮਿਕ ਮਹਾਂ ਪੁਰਸ਼ਾਂ ਤੇ ਉਹ ਕਹਿਰ ਕਮਾਇਆ, ਜਿਸ ਦੀ ਮਿਸਾਲ ਨਹੀਂ ਮਿਲਦੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਫੌਲਾਦੀ ਇਰਾਦੇ ਚੜ੍ਹਦੀ ਕਲਾ, ਮਨੋ-ਬਲ ਤੇ ਜੰਗੀ ਹੁਨਰ ਦੇ ਕਮਾਲ ਹੰਕਾਰੀ ਔਰੰਗਜ਼ੇਬ ਦੇ ਭੈੜੇ ਮਨਸੂਬਿਆਂ ਨੂੰ ਚੂਰ ਚੂਰ ਕਰ ਦਿਤਾ ਤੇ ਉਸ ਜ਼ਾਲਮ ਬਾਦਸ਼ਾਹ ਵਲੋਂ ਪੰਜਾਬ ਦੇ ਗਵਰਨਰ ਨੂੰ ਹਦਾਇਤ ਦੇਣੀ ਪਈ ਕਿ ਗੁਰੂ ਗੋਬਿੰਦ ਸਿੰਘ ਜੀ ਪੰਜਾਬ ਵਿਚ ਜਿਥੇ ਮਰਜ਼ੀ ਘੁੰਮਣ ਉਨ੍ਹਾਂ ਦਾ ਪਿੱਛਾ ਨਾ ਕੀਤਾ ਜਾਵੇ।

ਦਸਮੇਸ਼ ਪਿਤਾ ਜੀ ਦਾ ਫਾਰਸੀ ਵਿੱਚ ਲਿਖਿਆ ਜ਼ਫਰਨਾਮਾ ਪੜ੍ਹ ਕੇ ਤਾਂ ਔਰੰਗਜ਼ੇਬ ਦੀ ਆਤਮਾ ਕੰਬ ਉੱਠੀ।

ਉਸ ਨੂੰ ਨਸੀਹਤਾਂ ਸੁਨਣੀਆਂ ਪਈਆਂ ਤੇ ਲਾਅਨਤਾਂ ਝੱਲਣੀਆਂ ਪਈਆਂ। ਖੁਦਾ ਦੇ ਨਾਮ ਤੇ ਝੂਠੀਆਂ ਕਸਮਾਂ ਵਾਇਦਾ ਸ਼ਿਕਨੀਆਂ , ਨਿਰਦੋਸ਼ਾਂ ਤੇ ਅੱਤਿਆਚਾਰ ਕਮਾਉਣ ਤੇ ਮਾਸੂਮ ਜਿੰਦੜੀਆਂ ਨੂੰ ਬੇ-ਰਹਿਮਾਨਾ ਢੰਗ ਨਾਲ ਕਤਲ ਕਰਨ ਦੀਆਂ ਝਾਕੀਆਂ ਫਿਲਮ ਵਾਂਗਰ ਤੱਕ ਕੇ ਕੁਰਲਾ, ਉੱਠਿਆ ਕਿ ਮੈਂ ਕਿਹੜੇ ਮੂੰਹ ਨਾਲ ਅੱਲਾ ਦੇ ਦਰਬਾਰ ਵਿਚ ਜਾਵਾਂਗਾ। ਇਹ ਕਲਗੀਧਰ ਪਾਤਸ਼ਾਹ ਦੀ ਬੀਰ ਰਸੀ ਸੱਚ ਬਿਆਨੀ ਲੇਖਣੀ ਦਾ ਜਾਦੂ ਸੀ ਕਿ ਉਹ ਪਛਤਾਵੇ ਤੇ ਪ੍ਰਾਸਚਿਤ ਦੀ ਅਗਨੀ ਵਿਚ ਸੜਦਾ ਹੋਇਆ ਇਸ ਸੰਸਾਰ ਤੋਂ ਕੂਚ ਕਰ ਗਿਆ।

ਕਪਟੀ ਔਰੰਗਜ਼ੇਬ ਨੇ ਕਿਸੇ ਨੂੰ ਵੀ ਆਪਣਾ ਵਿਸ਼ਵਾਸ਼ ਪਾਤਰ ਨਹੀਂ ਸਮਝਿਆ। ਉਹ ਸਦਾ ਸ਼ਕ ਦੀਆਂ ਨਜ਼ਰਾਂ ਨਾਲ ਤੱਕਦਾ ਸੀ। ਜੀਵਨ ਭਰ ਉਸ ਦਾ ਕੋਈ ਸੱਚਾ ਮਿੱਤਰ ਨਹੀਂ ਸੀ ਤੇ ਮੌਤ ਸਮੇਂ ਵੀ ਇਕੱਲਾ ਸੀ। ਸੱਚੇ ਗੁਰਦੇਵ ਜੀ ਨੇ ਸਾਨੂੰ ਇਹ ਦ੍ਰਿੜਾਇਆ ਕਿ ਜਿਸ ਪ੍ਰਾਣੀ ਨੇ ਆਪਣੇ ਹਿਰਦੇ ਵਿਚੋਂ-ਬੁਰਾਈ ਦੀ ਜ਼ਹਿਰ ਨੂੰ ਮਿਟਾ ਦਿੱਤਾ ਹੈ ਉਹ ਸਭ ਦਾ ਮਿੱਤਰ ਹੈ ਤੇ ਸਾਰਾ ਸੰਸਾਰ ਉਸ ਦਾ ਸ਼ੁਭ ਚਿੰਤਕ ਹੈ :-

ਮਨ ਅਪੁਨੇ ਤੇ ਬੁਰਾ ਮਿਟਾਨਾ।।
ਪੇਖੈ ਸਗਲ ਸ੍ਰਿਸਟਿ ਸਾਜਨਾ।। ੨੬੬।।


www.AKJ.Org

# GURDWARA-AN INSTITUTION

Bhai Jaspinder Singh Ji

God, The All-Powerful, All-Prevalent, All-Knowing and the Eternal Being is Self -existent,He is both Transcendent and immanent in His unmanifested and manifested forms. To manifest Himself, He has set in motion the Life-Force or Rhythm also known as NAM in the Sikh parlance. Thus Nam is the creative Force, representing God, for creating, Sustaining and Destroying all beings. As the Creator, He is All-Love, All-Compassion, All-Doer and Ever Blissful, watching over His Creation, The Creation is Divine-play and at the apex of all creation is Man, created in the Divine image.

The Superiority of man over rest of the creation lies in his most developed facilities of reasoning, intellect and power of of discrimination. He has been assigned the objective of God- Realization during the Sojourn of human life. It is possible for man to realize his objectives and enjoy a life of absoute Bliss provided he can live in harmony with the Life- Force, NAM.

God in His mercy reaches mankind thourgh the Guru, the Enlightner, who dispels the pale of ingnorance. The Guru is fully in tune with the Divine Will and thus in a way God himself. Guru Nanak acknowledged God as his Guru. In his preachings he laid stress on shabd, the Divine word, as the Guru rather than the body of a person, howsoever high he may be. This thought perpetuated Shabd Guru Eternally in the form of Sri Guru Granth Sahib, incorporating the Revealed Word, Source of Divine Wisdom, Gurmat.

During his preachings Guru Nanak established preaching centres for continuation of his mission to spread the divine massage and reach the humanity at large. These were then known as DHARAMSALAS. Establishment of such religious centres was continued by the ,Successor Gurus for learning and practice of Gurmat. Subsequently these come to be known as Gurdwaras, the Doors of the Guru.If was here that children came to learn and play, the householders practised the Sikh tenets of Sangat and Pangat, the elderly and sick were taken care of and any traveller could depend upon those for food, both for Spirit and body and shelter. Even the Social and Political issues were discussed and decisions, Gurmatas, arrived at in the light of Gurmat. Thus a Gurdwara encompassed the entire scope of human activity to serve as religious learning centre, a school, a club, a library, gymnasium, a dispensery and a guest house, Such was the Scope envisaged by the sikh Gurus and practised during their life times. That is why we say SIKHISM is the whole lire system.

In the present times Gurdwaras, though freed frcm the clutches of heriditary mahants and under the control of an apex boay, Shromani Gurdwara Prabandhak Committee, are not really catering to the community needs as in the olden times. Reather than advancing the Sikh cause and model houses of Sikh doctrines the Gurdwaras are more of stepping stones to



www.AKJ.Org

the zealous and ambitious persons for self advancement in worldly affairs. In a way religion is being used for personal glory and family rule. Well meaning people with worthy and lofty religious causes of religions and public service disassociate their activity from Gurdwaras and operate under their own banner. Such an attitude amounts to disintegration of the complete role that is expected of a Gurdwara as also formation of personality cults reather than service with humility and self-effacement.

It is therefore in end to appeal to the true Sikh Spirit for restoring the prestige glory of the Gurdwaras through meaningful activity rather than empty palatial buildings. Once a Gurdwara starts really funtioning under selfless Sewadars, the Served Sikh community is sure to meet all the financial and material needs in the name of the Guru. Let us concentrate on our Gurdwaras as the institution that the Gurus intended these to be. Some of the Suggestions are as follows :-

A) There should be a uniform code for managment of the Gurdwaras, involing the local community as a whole. Major decisions should be arrived at in general body meetings, with an eye on Sikh Values.

B) The Gurdwara preachers must be highly qualified and motivated. They should be given fixed remunration for a respectable living, worthy of there stetus. Thei r personal conduct must be above-board and integrity beyond suspicion. S. G. P.C may constitute a board to certify worthiness of such peachers and grade them.

C) All persons being associated with a Gurdwara, may be registered and their Daswandh contributions made monthly to ensuru proper financial health of the Gurdwaras.

D) The reigious Services should be conducted in accordance with the laid norms like Nit-nem, Asa-Di-War, So-dar Rehras, observation of special Gurpurbs, Etc.

E) The Facility of well kept library and reading room should be provided during moring and evening times.

F) There should be teaching classes for Punjabi, Gurbani and Kirtan for children and other aspirants.

G) There should be provision for sports for children and adults and a few organised competitions or tournaments.

H) Special camps may be held during school vacations or periods of low business activity to stimulate the religious awakening and to derive benefits of concentrated activity for body and soul.

I) Occasionally seminers, discussions and lectures from acknowledged Scholars may be held to high light the current issues and to educate public opinion in the light of Gurmat.

J) Gurdwara should be a guest house to way-farers and provide solace to all destitutes, in keeping with Sikh Values.

— — —



www.AKJ.Org

# ਸਿਰ-ਨੰਗ ਨਿਸ਼ੇਧ

(ਸ: ਗੁਰਮੀਤ ਸਿੰਘ ਜੀ,)

(ੳ) ਪ੍ਰਾਚੀਨ ਦ੍ਰਿਸ਼ਟੀ:-ਪ੍ਰਾਚੀਨ ਸਮੇਂ ਸੀਸ ਨੰਗਾ ਰੱਖਣਾ ਦੂਸ਼ਿਤ ਕਰਾਰ ਸੀ। ਕਿਸੇ ਨਾ ਕਿਸੇ ਤਰੀਕੇ ਸਿਰ ਕਜ ਕੇ ਰੱਖਣਾ ਸੰਸਾਰ ਭਰ ਵਿਚ ਪ੍ਰਾਚੀਨ ਸਮੇਂ ਤੋਂ ਚਲਿਆ ਆਉਂਦਾ ਰਿਹਾ ਹੈ। ਦਸਤਾਰ, ਟੋਪੀ, ਦੁਪੱਟਾ ਜਾਂ ਮੁਕਟ ਆਦਿ ਨਾਲ ਵੱਖੋ ਵੱਖ ਸਮਿਆਂ ਵਿਚ ਇਸ ਮਰਿਆਦਾ ਦਾ ਪਾਲਨ ਕਰਦੇ ਰਹੇ ਹਨ।

(ਅ) ਕਾਨੂੰਨਨ ਮਨਾਹੀ:- ਸਿਰ ਦਾ ਨੰਗਾ ਰੱਖਣਾ ਨਿਰਾ ਦੂਸ਼ਿਤ ਹੀ ਨਹੀਂ ਬਲਕਿ ਕਿਸੇ ਸਮੇਂ ਭਾਰੀ ਜ਼ੁਰਮ ਭੀ ਸਮਝਿਆ ਜਾਂਦਾ ਰਿਹਾ ਹੈ। ਇਤਿਹਾਸ ਵਿਚ ਜ਼ਿਕਰ ਹੈ ਕਿ ਸਰਮੱਧ ਫ਼ਕੀਰ, ਜੋ ਔਰੰਗਜ਼ੇਬ ਦੇ ਸ਼ਾਹੀ ਜਲੂਸ ਸਾਹਮਣੇ ਅਨਭੋਲ ਨੰਗੇ ਸਿਰ ਮਿਲਣ ਦੇ ਦੋਸ਼ ਵਿਚ ਜੇਲ੍ਹ ਵਿਚ ਬੰਦ ਕਰਵਾ ਦਿਤਾ ਸੀ।

(ੲ) ਭਾਰਤੀ ਪੁਰਾਤਨ ਤੇ ਮੌਜੂਦਾ ਅਨੁਸ਼ਾਸਨ- ਭਾਰਤ ਤੇ ਕਈ ਹੋਰ ਦੇਸ਼ਾਂ ਵਿਚ ਅਨੁਸ਼ਾਸਨ ਤੌਰ ਤੇ ਸਿਰ ਨੰਗਾ ਰੱਖਣ ਦੀ ਇਜਾਜ਼ਤ ਨਹੀਂ। ਭਾਰਤੀ ਫ਼ੌਜ ਤੇ ਮਹਿਕਮਾ-ਪੋਲੀਸ ਵਿੱਚਾਂ ਤਾਂ ਹਾਲੀ ਤੀਕ ਭੀ ਸਿਰ ਨੰਗਾ ਰੱਖਣ ਦੀ ਕਾਨੂੰਨਨ ਸਖ਼ਤ ਮਨਾਹੀ ਹੈ। ਡੀਊਟੀ ਸਮੇਂ ਕੋਈ ਸਿਰ ਨੰਗਾ ਨਹੀਂ ਰਖ ਸਕਦਾ। ਪੁਰਾਣੀਆਂ ਸਭ ਰਿਆਸਤਾਂ ਦੇ ਸਭ ਕਰਮਚਾਰੀ ਤੇ ਫ਼ੌਜੀ ਆਦਿ ਸਿਰ ਤੇ ਦਸਤਾਰਾਂ ਸਜਾਉਂਦੇ ਸਨ। ਸਭ ਰਾਜੇ ਮਹਾਰਾਜੇ, ਵਿਦਵਾਨ, ਸਮਾਜਿਕ, ਧਾਰਮਿਕ ਤੇ ਸਿਆਸੀ ਆਗੂ ਮੁਕਟਾਂ, ਦਸਤਾਰਾਂ ਜਾਂ ਟੋਪੀਆਂ ਆਦਿ ਨਾਲ ਸੁਸ਼ੋਭਿਤ ਹੋ ਕੇ ਸਿਰ ਦਾ ਨੰਗੇਜ ਕਜ਼ਦੇ ਰਹੇ ਹਨ। ਹੁਣ ਤੀਕ ਭੀ ਰਿਆਸਤਾਂ ਦੀ ਪਰਜਾ ਦੇ ਪੁਰਾਣੇ ਪੁਰਸ਼ ਦਸਤਾਰਾਂ ਸਜਾਉਂਦੇ ਹਨ। ਮੌਜੂਦਾ ਭਾਰਤੀ ਸਿਆਸੀ ਪਾਰਟੀ ਕਾਂਗਰਸ ਦੀ ਸਫ਼ੈਦ ਦਸਤਾਰ ਜਾਂ ਗਾਂਧੀ ਟੋਪੀ ਆਦਿ ਵਰਦੀ ਦਾ ਅੰਗ ਹਨ।

ਬੁਰਕਾ ਜਾਂ ਦੁਪੱਟਾ ਆਦਿ ਨਾਲ ਸਿਰ ਕਜ ਕੇ ਰੱਖਣਾ ਇਸਤ੍ਰੀਆਂ ਲਈ ਸਾਰੇ ਭਾਰਤ ਵਰਸ਼ ਵਿਚ ਹੁਣ ਤੀਕ ਪ੍ਰਚਲਤ ਹੈ। ਚਾਹੇ ਨਵੀਂ ਪਨੀਰੀ ਪਛਮੀ ਅਸਰ ਹੇਠ ਇਸ ਵਲੋਂ ਅਵੇਸਲੀ ਹੋ ਰਹੀ ਹੈ। ਇਹ ਸਭ ਕੁਝ ਸਿੱਧ ਕਰਦਾ ਹੈ ਕਿ ਸਿਰ ਦਾ ਨੰਗੇਜ ਜਿਤਨਾ ਦੂਸ਼ਿਤ ਹੈ, ਕਜ ਕੇ ਰਖਣਾ ਉਤਨਾ ਹੀ ਮਹਾਨਤਾ ਦਰਸਾਉਂਦਾ ਹੈ। ਇਥੋਂ ਤਕਕਿ ਥੋੜਾ ਸਮਾਂ ਸਕੂਲਾਂ ਵਿਚ ਸਭ ਬੱਚਿਆਂ ਨੂੰ ਹਦਾਇਤ ਕੀਤੀ ਜਾਂਦੀ ਸੀ ਕਿ ਕੋਈ ਭੀ ਨੰਗੇ ਸਿਰ ਨ ਹੋਵੇ। ਕਿਸੇ ਨੂੰ ਕਿਸੇ ਨੰਗੇ ਸਿਰ ਵਾਲੇ ਦਾ ਮਿਲਣਾ ਕੁਸਗਨ ਸਮਝਿਆ ਜਾਂਦਾ ਸੀ।

(ਸ) ਸਿੰਘਾਂ ਸਿੰਘਣੀਆਂ ਦਾ ਲਿਬਾਸ :- ਅੰਮ੍ਰਿਤਧਾਰੀ ਸਿੰਘਾਂ ਦੀਆਂ ਦੋਹਰੀਆਂ ਦਸਤਾਰਾਂ ਭਾਵ ਕੇਸਕੀ (ਛੋਟੀ ਦਸਤਾਰ ਤੇ ਉਪਰ ਵੱਡੀ ਦਸਤਾਰ ਹੁਣ ਤੀਕ ਗੁਰਮੁਖ ਸਰੂਪਾਂ ਦੀ ਝਲਕ ਦਿੰਦੀਆਂ ਹਨ। ਸਿੰਘਣੀਆਂ ਵਿਚ ਸਮੇਂ ਦੀ ਚਾਲ ਦੇ ਪਲਟੇ ਨੇ ਤੇ ਫ਼ੈਸ਼ਨ ਨੇ ਆਪਣਾ ਰੰਗ ਚੜ੍ਹਾ ਕੇ ਤਬਦੀਲੀ ਲੈ ਆਂਦੀ ਹੈ ਤੇ ਉਹ ਕੇਸਕੀ (ਛੋਟੀ ਦਸਤਾਰ) ਜੋ ਦੁਪੱਟੇ ਦੇ ਥਲੇ ਧਾਰਨ ਕਰਦੀਆਂ ਸਨ, ਛੱਡ ਕੇ ਦੁਪੱਟੇ ਨੂੰ ਹੀ ਕਾਫ਼ੀ ਸਮਝਣ ਲਗ ਪਈਆਂ ਹਨ। ਇਹ ਘਾਟ ਇਥੇ ਹੀ ਸਮਾਪਤ ਨਹੀਂ ਹੋ ਗਈ, ਬਲਕਿ ਨਵੀਂ ਫ਼ੈਸ਼ਨ-ਪ੍ਰਸਤੀ ਦੀਆਂ ਕੁਚਾਲਾਂ ਵਿਚ ਧਸੇ ਸਮਾਜ ਦੀ ਸਾਂਝੀਵਲਤਾ ਕਰਦੀਆਂ ਹੋਈਆਂ ਦੁਪੱਟੇ ਨੂੰ ਭੀ ਤਿਆਗ ਗਈਆਂ ਹਨ ਤੇ ਹੁਣ ਸਾੜ੍ਹੀਆਂ ਲਾ, ਸਿਰ ਨੰਗੇ ਫਿਰਦੀਆਂ ਹਨ ਤੇ ਦੁਪੱਟੇ ਨੂੰ ਪਾਸ ਰੱਖਣ ਨੂੰ ਭੀ ਫ਼ੈਸ਼ਨ ਦੇ ਉਲਟ ਸਮਝ ਕੇ ਆਪਣੇ ਸਿੰਘਊਪੁਣੇ ਨੂੰ ਤਲਾਕ ਦਿੰਦੀਆਂ ਜਾਂ ਰਹੀਆਂ ਹਨ। ਉਨ੍ਹੀਵੀਂ ਸਦੀ ਦੇ ਅਖੀਰ ਤਕ ਮਾਝੇ ਮਾਲਵੇ ਆਦਿ ਦੇ ਖ਼ਾਲਸਾ ਸਕੂਲਾਂ ਵਿਚ ਬੱਚਿਆਂ ਦੇ ਸਿਰਾਂ ਤੇ ਕੇਸਕੀ ਤੇ ਦੁਪੱਟਾ ਹੋਣਾ ਅਨੁਸ਼ਾਸਨ ਦਾ ਅੰਗ ਬਣਿਆ ਰਿਹਾ ਹੈ। ਇਲਾਕੇ ਵਿਚ ਸਿੰਘਣੀਆਂ ਕੇਸਕੀਆਂ ਤੇ ਦੁਪੱਟੇ ਪਹਿਨਦੀਆਂ ਸਨ। ਇਸ ਗੱਲ ਦੀ ਪੁਸ਼ਟੀ ਪ੍ਰਸਿਧ ਇਤਿਹਾਸਕਾਰ ਮਿਸਟਰ ਕਨਿੰਘਮ ਆਪਣੀ ਲਿਖਤ ਵਿਚ ਕਰਦਾ ਹੈ। ਸਪੱਸ਼ਟ ਹੈ ਕਿ ਖ਼ਾਲਸੇ ਦਾ ਨਿਰਾਲਾਪਨ ਇਸਦੀ ਮਨ ਕਰਮ ਬਚਨ ਦੀ ਰਹਿਤ ਤੋਂ ਇਲਾਵਾ, ਸੁਰਤ ਤੇ ਲਿਬਾਸ ਨਾਲ ਵੀ ਸੰਬੰਧਤ ਹੈ। ਖ਼ਾਲਸਾ ਧਰਮ ਸੁਮੱਚੇ ਧਰਮਾਂ ਦੇ ਉੱਤਮ ਗੁਣਾਂ ਦਾ ਮਜਮੂਆ ਹੈ। ਸਿਰ ਦਾ ਨੰਗੇਜ ਪੁਰਾਤਨ ਸਭਿਅਤਾ ਅਨੁਸਾਰ ਕਿਸੇ ਧਰਮ ਪਰਵਾਨ ਨਹੀਂ। ਇਸ ਕਰਕੇ ਖ਼ਾਲਸਾ ਧਰਮ ਵਿਚ ਸਿਰ ਕੱਜ ਕੇ ਰੱਖਣ ਦੀ ਮਰਯਾਦਾ ਦਾ ਬਣ ਜਾਣਾ ਸੁਭਾਵਿਕ ਹੀ ਸੀ ਅਤੇ ਜੋ ਸਿਖ ਰਹਿਤ ਦਾ ਅੰਗ ਬਣਾ ਦਿੱਤੀ ਗਈ।

(ਹ) ਸਿੰਘ ਰਹਿਣੀ :- ਸੀਨਾ ਬਸੀਨਾ ਚਲੀ ਆ ਰਹੀ ਤੇ ਦਰਸਾਈ ਜਾ ਰਹੀ ਸਿੰਘ ਰਹਿਣੀ ਅਨੁਸਾਰ ਕਿਸੇ ਸਿੰਘ ਸਿੰਘਣੀ ਨੂੰ ਨੰਗੇ ਸਿਰ ਅੰਮ੍ਰਿਤ ਦੀ ਦਾਤ ਨਹੀਂ ਪ੍ਰਾਪਤ ਹੋ ਸਕਦੀ। ਰਹਿਣੀ ਦਰਸਾਉਂਦੇ ਗੁਰੂ ਰੂਪ ਪੰਜ ਪਿਆਰੇ ਨੰਗੇ ਸਿਰ ਰਹਿਣਾਂ ਮਨ੍ਹਾਂ ਕਰਦੇ ਹਨ। ਰਹਿਤਨਾਮੇ ਵਿਚ ਲਿਖਿਆ ਹੈ-

ਨਗਨ ਹੋਇ ਬਾਹਰ ਫਿਰੇ,
ਨਗਨ ਸੀਸ ਜੋ ਖਾਇ।।
ਨਗਨ ਪ੍ਰਸਾਦਿ ਜੋ ਬਾਂਟਈ
ਤਨਖਾਹੀ ਬਡੋ ਕਹਾਇ।।

ਖਾਣ, ਪੀਣ, ਸ਼ੌਚ ਤੇ ਬਾਹਰ ਫਿਰਨ ਸਮੇਂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਾਣ ਸਮੇਂ, ਪਾਠ



www.AKJ.Org

ਕਰਨ ਸਮੇਂ, ਭਾਵ ਹਰ ਸਮੇਂ ਹੀ ਸਿੰਘ ਸਿੰਘਣੀ ਲਈ ਸਿਰ ਕਜ ਕੇ ਰਖਣ ਦਾ ਹੁਕਮ ਕੀਤਾ ਜਾਂਦਾ ਹੈ। *"ਸਾਖੀ ਪ੍ਰਮਾਣ"* ਪੁਸਤਕ ਵਿਚ ਗੁਰਸਿਖ ਰਹਿਣੀ ਬਾਰੇ ਕਥਨ ਹੈ :-

ਸੁੱਚ ਜੂਠ ਦਾ ਧਿਆਨ ਰਖੇ ਨਿਤ,
ਸੰਝ ਸਵੇਰਨ ਸੋਵੇ।
ਕੇਸਾਂ ਦਾ ਕਰ ਜੂੜਾ ਰਖੇ,
ਨ ਖਿਲਾਰ ਵਿਗੋਵੇ।
ਵੰਡ ਖਾਏ ਸੋ ਸਿੱਖ ਪਿਆਰਾ,
ਕੱਲਾ ਮੂਲ ਨ ਖਾਵੇ।
ਮੈਥਨ, ਸੌਣ, ਅਹਾਰ ਸਮੇਂ,
ਨਹੀਂ ਨੰਗੇ ਕੇਸ ਵਿਖਾਵੇ।

ਰਹਿਤਨਾਮਾ ਭਾਈ ਨੰਦ ਲਾਲ ਜੀ :-

"ਕੰਘਾ ਦੋਨੋਂ ਵਕਤ ਕਰ, ਪਗ ਚੁਨੈ ਕਰ ਬਾਂਧਈ।।"

ਇਹ ਵਿਲਖੱਣਤਾ ਦੀ ਗੱਲ ਹੈ ਕਿ ਗੁਰਮਤਿ ਅਨੁਸਾਰ ਸਿੰਘ ਤੇ ਸਿੰਘਣੀ ਦਾ ਬਰਾਬਰ ਦਾ ਦਰਜਾ ਹੈ। ਜੋ ਹੱਕ ਸਿੰਘ ਲਈ ਉਹੀ ਸਿੰਘਣੀ ਲਈ, ਗੁਰੂ ਸਾਹਿਬ ਦੀਆਂ ਜੋ ਬਖਸ਼ਸ਼ਾਂ ਸਿੰਘਾਂ ਲਈ ਹਨ, ਉਹੀ ਸਿੰਘਣੀਆਂ ਲਈ। ਜੋ ਰਹਿਤ ਮਰਯਾਦਾ ਸਿੰਘਾਂ ਲਈ ਹੈ ਉਹੀ ਸਿੰਘਣੀਆਂ ਲਈ ਤਾਂ ਤੇ ਰਹਿਤਨਾਮੇ ਦਾ ਇਹ ਵਰਣਨ *"ਕੰਘਾ ਦੋਨੋ ਵਕਤ ਕਰ ਪਾਗ ਚੁਨੈ ਕਰ ਬਾਂਧਈ"* ਸਿੰਘਾਂ ਤੇ ਸਿੰਘਣੀਆਂ ਤੇ ਬਰਾਬਰ ਲਾਗੂ ਹੈ, ਕਿਉਂਕਿ ਸਿੰਘਣੀਆਂ ਲਈ ਵਖਰੀ ਰਹਿਤ ਮਰਯਾਦਾ ਕਿਤੇ ਨਹੀਂ ਰਚੀ ਗਈ। ਸੋ ਅਵੱਸ਼ ਹੋਇਆ ਕਿ ਸਿੰਘਣੀਆਂ ਭੀ ਦੋਨੋਂ ਸਮੇਂ ਕੰਘਾ ਕਰਕੇ, ਚੁਣ ਚੁਣਕੇ ਭਾਵ ਨਵੇਂ ਸਿਰਿਓਂ ਦਸਤਾਰ ਸਜਾਉਣ। ਇਸ ਪ੍ਰਕਾਰ ਸਿੰਘਣੀਆਂ ਲਈ ਦਸਤਾਰ ਸਜਾਈ ਜਾਣ ਦਾ ਪ੍ਰਪੱਕ ਸਬੂਤ ਹੋਇਆ :-

(ਕ) ਨਿਰਾਲਾਪਣ-

"ਜਬ ਲਗ ਖਾਲਸਾ ਰਹੈ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ।
ਮੈ ਨ ਕਰੋਂ ਇਨ ਕੀ ਪ੍ਰਤੀਤ"।

ਜਦੋਂ ਤਕ ਖ਼ਾਲਸਾ ਗੁਰ-ਹੁਕਮਾਂ ਦੀ ਪਾਲਣਾ ਕਰਦਾ ਹੈ ਤਦ ਤਕ ਹੀ ਉਹ ਖ਼ਾਲਸਾ ਹੈ। ਅਤੇ ਅਵੱਸ਼ ਹੈ ਕਿ ਉਹ ਕਲਜੁਗ ਦੇ ਅਸਰ ਨਾਲ ਤੇਜ਼ ਰਫ਼ਤਾਰ ਵਿਚ ਬਦਲਦੀ ਜਾ ਰਹੀ ਸੰਸਾਰੀ ਸਭਿਅਤਾ ਤੋਂ ਨਿਰਾਲਾ ਭੀ ਰਹੇਗਾ। ਕਿਉਂਕਿ ਦੁਨੀਆਂ ਭਾਵੇਂ ਬੇਪਰਵਾਹੀ ਨਾਲ ਬਦਲਦੀ ਜਾਵੇ ਪਰ ਖ਼ਾਲਸੇ ਨੂੰ ਆਪਣੇ ਮਾਲਕ ਸਤਿਗੁਰੂ ਦੀ ਪ੍ਰਵਾਹ ਹੈ ਤੇ ਭੈ ਭਾਵਨੀ ਹੈ ਜਿਸ ਕਰਕੇ ਉਹ ਉਨ੍ਹਾਂ ਹੁਕਮਾਂ ਦੀ ਸਦਾ ਪਾਲਣਾ ਕਰਦਾ ਹੋਇਆ ਅਟੱਲ ਅਵਸਥਾ ਵਿਚ ਰਹੇਗਾ। ਉਪਰਲੇ ਕਥਨ ਅਨੁਸਾਰ ਖ਼ਾਲਸਾ ਜਦੋਂ ਤਕ ਨਿਆਰਾ ਭਾਵ ਖਾਲਸ ਹੋ ਕੇ ਰਹਿੰਦਾ ਹੈ ਤਦ ਤਕ ਗੁਰੂ ਕੀਆਂ ਖੁਸ਼ੀਆਂ ਦਾ ਹੱਕਦਾਰ ਹੈ। ਨਿਰਾਲਾਪਨ ਦਾ ਸੰਬੰਧ ਜਿਥੇ ਮਨ ਕਰਮ ਬਚਨ ਦੀ ਰਹਿਣੀ ਨਾਲ ਹੈ ਉਥੇ ਬਾਹਰਲੀ ਸੀਨਾ ਬਸੀਨਾ ਚਲੀ ਆ ਰਹੀ ਤੇ ਲਿਖਤੀ ਰਹਿਤ ਨਾਲ ਭੀ ਹੈ। ਕਿਉਂਕਿ ਇਹ ਰਾਜ-ਜੋਗੀਆਂ ਦਾ ਖ਼ਾਲਸਾ ਧਰਮ ਕਰਣੀ ਤੇ ਰਹਿਣੀ ਬਹਿਣੀ ਵਿਚ ਹਰਿ ਪ੍ਰਕਾਰ ਸੰਸਾਰ ਨਾਲੋਂ ਨਿਰਾਲਾ ਹੈ। ਨਿਰਾਲਾ ਹੋਣਾ ਅਵੱਸ਼ ਭੀ ਹੈ ਕਿਉਂਕਿ ਦੁਨੀਆਂ ਨੇ ਬਦਲਣਾ ਹੋਇਆ, ਪਰ ਇਸਦੀ ਅਵਸਥਾ ਅਟੱਲ ਰਹਿਣੀ ਹੋਈ। ਜਿਸ ਰਹਿਣੀ ਵਲ ਗੁਰੂ ਸਾਹਿਬਾਨ ਦਾ ਕੋਈ ਇਸ਼ਾਰਾ ਹੈ, ਅਵੱਸ਼ ਹੈ ਕਿ ਉਸ ਦਾ ਸੰਬੰਧ ਰੂਹਾਨੀਅਤ ਅਥਵਾ ਮਾਨਸਿਕ ਅਵਸਥਾ ਨਾਲ ਡੂੰਘਾ ਭੀ ਹੋਵੇ। ਸੋ ਦੁਨੀਆਂ ਕਰੇ ਨ ਕਰੇ, ਪਰ ਖ਼ਾਲਸਾ ਧਰਮ ਗੁਰੂ ਹੁਕਮਾਂ ਦਾ ਪਾਲਕ ਹੁੰਦਾ ਹੋਇਆ ਆਪਣੇ ਆਪ ਨੂੰ ਮਨ ਬਚਨ ਕਰਨ ਦੀ ਕਿਰਿਆ ਦੇ ਨਾਲ ਆਪਣੇ ਸਰੂਪ ਨੂੰ ਭੀ ਨਿਰਾਲਾ, ਕਾਇਮ ਦਾਇਮ ਰੱਖ ਕੇ, ਗੌਰਵ ਪ੍ਰਤੀਤ ਹੋਇਆ, ਗੁਰੂ ਕੀਆਂ ਖੁਸ਼ੀਆਂ ਦਾ ਭਾਗੀ ਬਣਿਆ ਰਹੇਗਾ। ਤਾਂ ਤੇ ਜਗਤ ਦੇ ਲੋਕ-ਪੁਰਸ਼ ਤੇ ਇਸਤਰੀਆਂ ਭਾਵੇਂ ਮੁਕਟ ਪਹਿਨਣ, ਭਾਵੇਂ ਟੋਪੀ ਪਾਉਣ, ਭਾਵੇਂ ਹੋਰ ਤਰਕਿਆਂ ਨਾਲ ਸਿਰ ਕੱਜਣ ਜਾਂ ਸਿਰੋਂ ਨੰਗੇ ਹੀ ਰਹਿਣ, ਪਰ ਖ਼ਾਲਸੇ ਨੂੰ ਉਨ੍ਹਾਂ ਨਾਲ ਕੋਈ ਸਰੋਕਾਰ ਨਹੀਂ। ਇਹ ਆਪਣੀ ਗੁਰੂ ਦੀ ਦਰਸਾਈ ਮਰਿਯਾਦਾ ਨਾਲ ਅਨੁਸਾਰ ਸੀਸ ਤੇ ਦਸਤਾਰ ਸਜਾਏਗਾ ਤੇ ਆਪਣਾ ਨਿਰਾਲਾ ਰੂਪ ਅਟੱਲ ਰੱਖੇਗਾ। ਜੇਕਰ ਇਸ ਰਹਿਤ ਤੋਂ ਸਿੰਘ ਢਿਲਾ ਪੈ ਗਿਆ ਜਾਂ ਇਸ ਨੂੰ ਰਹਿਤ ਪਰਵਾਨਣ ਤੋਂ ਅਵੇਸਲਾ ਹੋ ਗਿਆ ਤਾਂ ਫਿਰ ਦੇਸ਼ਾਂ ਵਿਦੇਸ਼ਾਂ ਵਿਚ ਸਿੰਘ ਕਰਮਚਾਰੀਆਂ ਨੂੰ ਮੁਸ਼ਕਲ ਬਣ ਜਾਵੇਗੀ ਤੇ ਉਹਨਾਂ ਨੂੰ ਉੱਥੇ ਪ੍ਰਚਲਤ ਵਰਦੀਆਂ (ਯੂਨੀਫ਼ਰਮਾਂ) ਅਨੁਸਾਰ ਟੋਪੀਆਂ ਭੀ ਪਹਿਨਣੀਆਂ ਪੈਣਗੀਆਂ। ਜੇਕਰ ਸਿੰਘ ਟੋਪੀ ਪਰਵਾਨਣ ਲਈ ਤਿਆਰ ਨਹੀਂ ਤਾਂ ਸਿੰਘਣੀ ਕਿਵੇਂ ਟੋਪੀ ਪਰਵਾਨ ਕਰ ਸਕੇਗੀ ? ਪਰ ਉਹ ਤਦ ਹੀ ਇਨਕਾਰੀ ਹੋ ਸਕਦੀ ਹੈ ਜੇਕਰ ਕਹਿ ਸਕੇ ਕਿ ਸਿੱਖ ਰਹਿਣੀ ਅਨੁਸਾਰ ਦਸਤਾਰ ਦਾ ਤਿਆਗ ਨਹੀਂ ਕੀਤਾ ਜਾ ਸਕਦਾ। ਜੇਕਰ ਉਸ ਦੇ ਆਪਣੇ ਸਿਰ ਤੇ ਦਸਤਾਰ ਹੋਵੇ ਹੀ ਨਾ ਤਾਂ ਕੀ ਉਹ ਧਾਰਮਿਕ ਰਹਿਣੀ ਦਾ ਸਬੂਤ ਦੇ ਸਕੇਗੀ। ਧਨ ਹਨ ਉਹ ਵਿਦੇਸ਼ੀ ਸਜੇ ਅਮਰੀਕਨ ਸਿੰਘ ਸਿੰਘਣੀਆਂ ਜੋ ਦਸਤਾਰਾਂ ਸਹਿਤ ਸਜ ਕੇ ਰਾਜ ਜੋਗੀਆਂ ਦਾ ਪਰਤੱਖ ਰੂਪ ਬਣ ਰਹੇ ਹਨ ਅਤੇ ਸੱਚੀ ਗੁਰਮੁਖਤਾਈ ਰਹਿਣੀ ਦਾ ਲਿਬਾਸ ਆਪਣਾ ਕੇ ਖੁਲ੍ਹੇ ਦਾੜ੍ਹਿਆਂ ਸਹਿਤ ਸ਼ਸ਼ੋਭਤ ਹੋ ਰਹੇ ਹਨ। ਉਹ ਪੁਰਾਤਨ ਗੁਰਸਿੱਖ ਮਰਯਾਦਾ ਨੂੰ ਅਪਣਾ ਕੇ ਭਾਰਤੀ ਸਿੱਖ ਅਖਵਾਉਣ ਵਾਲਿਆਂ ਨੂੰ ਸ਼ਰਮਿੰਦਾ ਕਰ ਰਹੇ ਹਨ। ਸਾਨੂੰ ਸਿੱਖੀ ਦੇ ਮੁਦੱਈਆਂ ਨੂੰ ਉਨ੍ਹਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ■■■■■■■■



www.AKJ.Org

# 'ਸ੍ਰੀ ਅਕਾਲ ਤਖਤ ਸਾਹਿਬ ਤੇ ਰਾਗਮਾਲਾ ਸੰਬੰਧੀ ਪੁਰਾਤਨ ਸਥਾਨਕ ਮਰਿਆਦਾ ਦੀ ਉਲੰਘਣਾ'

( ੧੩ ਅਪ੍ਰੈਲ ੧੯੯੭ ਵਿਸਾਖੀ ਪੁਰਬ ਤੇ ਸ੍ਰੀ ਅਕਾਲ ਤਖਤ ਸਾਹਿਬ ਤੇ ੧੯੯੪ ਤੋਂ ਬਾਅਦ ਉਸਾਰੀ ਉਪਰੰਤ ਦੁਬਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪੰਥ ਪ੍ਰਵਾਨਤ ਰਹਿਤ ਮਰਿਆਦਾ ਦੇ ਵਿਪਰੀਤ ਰਾਗਮਾਲਾ ਪੜ੍ਹ ਕੇ ਪਾਇਆ ਗਿਆ ਹੈ ਜਿਸ ਖਬਰ ਨਾਲ ਹਿਰਦੇ ਨੂੰ ਠੇਸ ਪਹੁੰਚੀ ਹੈ। ਇਸਦੇ ਵਿਰੁੱਧ ਯੋਗ ਕਾਰਵਾਈ ਹਿਤ ਅਖੰਡ ਕੀਰਤਨੀ ਜੱਥੇ ਵਲੋਂ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੂੰ ਅਪੀਲ ਸਰੂਪ ਪੱਤਰ ਲਿਖਿਆ ਹੈ ਗਿਆ ਜਿਸ ਦੀ ਇੰਨ ਬਿੰਨ ਕਾਪੀ ਸੰਗਤਾਂ ਦੇ ਗਿਆਤ ਹਿਤ ਹੇਠਾਂ ਛਾਪੀ ਜਾ ਰਹੀ ਹੈ ਜੀ। ਇਸਦੇ ਨਾਲ ਹੀ ਸ੍ਰੋਮਣੀ ਕਮੇਟੀ ਵਲੋਂ ੧੯੭੦ ਵਿਚ ਹਰਬਖਸ਼ ਸਿੰਘ ਯੂ.ਕੇ. ਵਲੋਂ ਰਾਗਮਾਲਾ ਸਬੰਧੀ ਪੁੱਛ ਦੇ ਜੁਆਬੀ ਪੱਤਰ ਦੀ ਨਕਲ ਵੀ ਹੂ-ਬ-ਹੂ ਛਾਪੀ ਜਾ ਰਹੀ ਹੈ।
ਸੰਪਾਦਕ। )

੧. ਜੱਥੇਦਾਰ ਸਾਹਿਬ ਨੂੰ ਲਿਖਿਆ ਗਿਆ ਪੱਤਰ

ਅਖੰਡ ਕੀਰਤਨੀ ਜਥਾ (ਇੰਟਰਨੈਸ਼ਨਲ)

ਨੰ........................ ਮਿਤੀ 17-04-97

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ।

ਸ੍ਰੀ ਮਾਨ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ।।
ਵਾਹਿਗੁਰੂ ਜੀ ਕੀ ਫ਼ਤਿਹ।।

ਬੜੇ ਸ਼ੋਕ ਦੀ ਗੱਲ ਹੈ ਕਿ ੧੩ ਅਪ੍ਰੈਲ ੧੯੯੭ ਵੈਸਾਖੀ ਵਾਲੇ ਮਹੱਤਵ-ਪੂਰਨ ਉਤਸਵ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਪਾਵਨ ਤਖ਼ਤ ਸਾਹਿਬ ਦੀ ਰੀਤੀ ਰਵਾਇਤ ਦੇ ਮੁਹਾਫ਼ਿਜ਼ ( ਨਿਗਾਹਵਾਨ ) ਜਥੇਦਾਰ ਸਾਹਿਬ ਅਤੇ ਪ੍ਰਬੰਧ ਦੇ ਜ਼ਿੰਮੇਵਾਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹਾਜ਼ਰੀ ਵਿਚ ਪਾਠ ਦੇ ਭੋਗ ਸਬੰਧੀ ਪੰਥਕ ਫ਼ੈਸਲੇ ਦੀ ਉਲੰਘਣਾ ਕੀਤੀ ਗਈ। ਅਖੰਡ ਕੀਰਤਨੀ ਜੱਥਾ ਇਸ ਉਲੰਘਣਾ ਉਤੇ ਪੂਰਨ ਸਤਿਕਾਰ ਸਹਿਤ ਰੋਸ ਪ੍ਰਗਟ ਕਰਦਾ ਹੈ ਤੇ ਇਸ ਸੰਬੰਧੀ ਕੁਝ ਇਤਿਹਾਸਕ ਤੱਥ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੋਟਿਸ ਵਿਚ ਲਿਆਉਂਦਾ ਹੈ।

(੧) ਸ਼੍ਰੋ. ਗੁ: ਪ੍ਰ: ਕਮੇਟੀ ਦੀ ਸਲਾਹਕਾਰ ਕਮੇਟੀ ਨੇ ੧੯੯੭ ਈ. ਵਿਚ ਪੰਥਕ ਪੱਧਰ 'ਤੇ , ਪੰਥ ਦੀ ਪ੍ਰਤੀਨਿਧ ਇਕੱਤਰਤਾ ਵਿਚ ਪਰਸਪਰ ਵਿਚਾਰ-ਮੰਥਨ ਮਗਰੋਂ ਇਹ ਫ਼ੈਸਲਾ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਮੁੰਦਾਵਣੀ 'ਤੇ ਪਾਇਆ ਜਾਵੇ , ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਰਾਗਮਾਲਾ ਨੂੰ ਕੱਢਣ ਦਾ ਹੀਆ ਕੋਈ ਨਾ ਕਰੇ।

(੨) ਮਿਤੀ ੧੦ਮਾਰਚ ੧੯੪੫ ਈ: ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੀ ਜਨਰਲ ਇਕੱਤ੍ਰਤਾ ਵਿਚ ਸਰਦਾਰ ਅਮਰ ਸਿੰਘ ਸ਼ੇਰਿ ਪੰਜਾਬ ਵਲੋਂ ਰਾਗਮਾਲਾ ਦਾ ਮਸਲਾ ਛੇੜੇ ਜਾਣ 'ਤੇ, ਪ੍ਰਧਾਨ ਸਾਹਿਬ ਨੇ ਦਸਿਆ ਕਿ ਸੰਨ ੧੯੩੬ ਈ: ਵਿਚ ਧਾਰਮਿਕ ਸਲਾਹਕਾਰ ਕਮੇਟੀ ਨੇ ਫ਼ੈਸਲਾ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ, ਮੁੰਦਾਵਣੀ 'ਤੇ, ਪਾਇਆ ਜਾਏ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਰਾਗਮਾਲਾ ਨੂੰ ਕੱਢਣ ਦਾ ਹੀਆ ਕੋਈ ਨਾ ਕਰੇ। ਇਸ ਫ਼ੈਸਲੇ 'ਤੇ ਕਿਸੇ ਥਾਂ ਅਮਲ ਹੋਇਆ ਅਤੇ ਕਿਸੇ ਥਾਂ ਨਹੀਂ। ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਪੰਜਾ ਸਾਹਿਬ ਵਿਚ ਓਦੋਂ ਤੋਂ ਹੀ ਭੋਗ ਮੁੰਦਾਵਣੀ 'ਤੇ ਪਾਇਆ ਜਾਂਦਾ ਹੈ ਜਦੋਂ ਤੋਂ ਕਿ ਇਹ ਪਵਿਤਰ ਅਸਥਾਨ ਮੁੜ ਪੰਥਕ ਪ੍ਰਬੰਧ ਵਿਚ ਆਏ ਹਨ। ਧਾਰਮਿਕ ਸਲਾਹਕਾਰ ਕਮੇਟੀ ਦੇ ਇਕ ਮੈਂਬਰ ਸਾਹਿਬ ਵਲੋਂ ਇਹ ਮਾਮਲਾ ਦੁਬਾਰਾ ਵਿਚਾਰ ਹਿਤ ਪੇਸ਼ ਹੋਣ 'ਤੇ ਇਕ ਸਬ-ਕਮੇਟੀ ਪੁਰਾਤਨ ਪਵਿਤਰ ਬੀੜਾਂ ਦੇ ਦਰਸ਼ਨ ਕਰ ਕੇ ਰਿਪੋਰਟ ਕਰਨ ਲਈ ਨੀਯਤ ਕੀਤੀ ਗਈ ਹੈ, ਜਦ ਤੱਕ ਕੋਈ ਫ਼ੈਸਲਾ ਨਹੀਂ ਹੁੰਦਾ, ਰਾਗਮਾਲਾ ਸੰਬੰਧੀ ਸਟੇਟੱਸ-ਕੋ ਹੀ ਕਾਇਮ ਰਹੇਗਾ। ਪਿਛੋਂ ਗਿਆਨੀ ਕਰਤਾਰ ਸਿੰਘ ਦੀ ਤਜਵੀਜ਼ 'ਤੇ ਜਥੇਦਾਰ ਊਧਮ ਸਿੰਘ ਦੀ ਤਾਈਦ ਨਾਲ ਸਰਬ ਸੰਮਤੀ ਹੋਣ 'ਤੇ ਪਾਸ ਹੋਇਆ ਕਿ ਜਦ ਤਕ ਧਾਰਮਿਕ ਸਲਾਹਕਾਰ ਕਮੇਟੀ ਰਾਗਮਾਲਾ ਬਾਰੇ ਕੋਈ ਫ਼ੈਸਲਾ ਨਾ ਕਰੇ, ਤਦ ਤੱਕ ਪੰਥ ਵਿਚ ਵੱਖੋ ਵੱਖ ਥਾਵੀਂ ਉਨ੍ਹਾਂ ਦਾ ਉਹ ਪੁਰਾਣਾ ਬੰਧੇਜ ਹੀ ਕਾਇਮ ਰਹੇ ਤੇ ਉਸ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ ॥(ਪੰਨਾ ੨੧੯, ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਪੰਜਾਹ-ਸਾਲਾ ਇਤਿਹਾਸ, ਪ੍ਰਕਾਸ਼ਕ



www.AKJ.Org

ਸਿਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ)

(੩) ਸਿਖ ਰਹਿਤ ਮਰਯਾਦਾ ਦੀਆਂ ਪਹਿਲੀਆਂ ਐਡੀਸ਼ਨਾਂ ਵਿਚ ਪਾਠ ਦੇ ਭੋਗ ਸੰਬੰਧੀ ਫ਼ੈਸਲਾ ਇਸ ਪ੍ਰਕਾਰ ਅੰਕਿਤ ਸੀ: "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਪਾਇਆ ਜਾਵੇ (ਇਸ ਗੱਲ ਬਾਬਤ ਪੰਥ ਵਿਚ ਅਜੇ ਤਕ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)।"

(੪) ਸਿਖ ਰਹਿਤ ਮਰਯਾਦਾ ਦੀਆਂ ਮਗਰੋਂ ਦੀਆਂ ਐਡੀਸ਼ਨਾਂ ਵਿਚ ਸਿਆਸੀ ਉਪਲਬਧੀਆਂ ਦੇ ਪੇਸ਼-ਨਜ਼ਰ ਸੋਧ ਕਰ ਕੇ ਲਿਖਤ ਹੇਠ ਲਿਖੇ ਅਨੁਸਾਰ ਕਰ ਦਿੱਤੀ ਗਈ:

"ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਸਥਾਨਿਕ ਰੀਤੀ ਅਨੁਸਾਰ ਪਾਇਆ ਜਾਵੇ। ਰਾਗਮਾਲਾ ਬਾਰੇ ਅਜੇ ਤਕ ਪੰਥ ਵਿਚ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ।"

ਉਪਰੋਕਤ ਫ਼ੈਸਲੇ ਅਨੁਸਾਰ ਸਮੁੱਚੇ ਪੰਥ ਵਿਚ ਪੂਰੀ ਅੱਧੀ ਸਦੀ ਥਾਉਂ ਥਾਈਂ ਅਮਲ ਹੁੰਦਾ ਰਿਹਾ। ਜਿਥੋਂ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸੰਬੰਧ ਹੈ, ਇਥੇ ਦੇ ਪੰਥਕ ਹੇਠ ਆਉਣ ਦੇ ਸਮੇ ਤੋਂ ਲੈ ਕੇ 'ਸਾਕਾ ਨੀਲਾ ਤਾਰਾ' ਤਕ ਸਦਾ ਭੋਗ ਮੁੰਦਾਵਣੀ 'ਤੇ ਹੀ ਪਾਇਆ ਜਾਂਦਾ ਰਿਹਾ, ਕਦੀ ਰਾਗਮਾਲਾ ਪੜ੍ਹੀ ਨਹੀਂ ਗਈ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਬਿਲਡਿੰਗ ਦੀ ਨਵ-ਉਸਾਰੀ ਮਗਰੋਂ ਜਦੋਂ ਵੈਸਾਖੀ ਤੋਂ ਇਸ ਦੇ ਪ੍ਰਯੋਗ ਕੀਤੇ ਜਾਣ ਦਾ ਨਿਰਣਾ ਲਿਆ ਗਿਆ ਤਾਂ ਸੰਬੰਧਤ ਅਧਿਕਾਰੀਆਂ ਵਲੋਂ ਅਖ਼ਬਾਰਾਂ ਵਿਚ ਇਹ ਹੀ ਸੂਚਨਾ ਪ੍ਰਸਾਰਨ ਕੀਤੀ ਗਈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ੧੯੮੪ ਈ: ਤੋਂ ਪਹਿਲਾਂ ਵਾਲੀ ਪੁਰਾਤਨ ਸਥਾਨਿਕ ਰੀਤੀ ਦੇ ਵਿਰੁਧ ਪੁਰਾਤਨ ਮਰਯਾਦਾ ਹੀ ਬਹਾਲ ਕੀਤੀ ਜਾਵੇਗੀ। ਪਰ ਸ਼ੋਕ ਦੀ ਗੱਲ ਹੈ ਕਿ ਵੈਸਾਖੀ ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਪੁਰਾਤਨ ਸਥਾਨਿਕ ਰੀਤੀ ਦੇ ਵਿਰੁਧ ਪਾਠ ਦਾ ਭੋਗ ਮੁੰਦਾਵਣੀ 'ਤੇ ਪਾਉਣ ਦੀ ਬਜਾਏ ਰਾਗਮਾਲਾ ਪੜ੍ਹ ਕੇ ਪਾਇਆ ਗਿਆ ਤੇ ਇਸ ਤਰ੍ਹਾਂ ਉਪਰੋਕਤ ਵਰਣਿਤ ਪੰਥਕ ਫ਼ੈਸਲੇ ਦੀ ਖੁਲ੍ਹ-ਮ-ਖੁਲ੍ਹਾ ਉਲੰਘਣਾ ਕੀਤੀ ਗਈ ਅਤੇ ਟੀ. ਵੀ. ਉਤੇ ਪ੍ਰਸਾਰਨ ਕਰਾਇਆ ਗਿਆ ਕਿ ਰਾਗਮਾਲਾ ਦਾ ਮਸਲਾ ਸਦਾ ਲਈ ਨਿਬੜ ਗਿਆ ਹੈ। ਇਹ ਪੰਥਕ ਫ਼ੈਸਲੇ ਅਥਵਾ ਪੰਥਕ ਰਵਾਇਤਾਂ ਦਾ ਅਪਮਾਨ ਹੈ, ਜਿਸ ਵਿਰੁਧ ਅਖੰਡ ਕੀਰਤਨੀ ਜਥਾ ਸਖ਼ਤ ਰੋਸ਼ ਪ੍ਰਗਟ ਕਰਦਾ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਸਨਿਮਰ ਅਪੀਲ ਕਰਦਾ ਹੈ ਕਿ ਸਥਿਤੀ 'ਤੇ ਗਹੁ ਨਾਲ ਵਿਚਾਰ ਕਰ ਕੇ ਇਸ ਮਸਲੇ ਦਾ ਪੰਥਕ ਮਰਯਾਦਾ ਅਨੁਸਾਰ ਸਮਾਧਾਨ ਕਰਨ ਦੀ ਕਿਰਪਾਲਤਾ ਕੀਤੀ ਜਾਵੇ।

ਵਲੋਂ-ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ

ਨਕਲ:

ਸ: ਗੁਰਚਰਨ ਸਿੰਘ ਜੀ ਟੌਹੜਾ

ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।

2. ਹਰਬਖਸ਼ ਸਿੰਘ ਯੂ.ਕੇ. ਦੀ ਚਿੱਠੀ ਦਾ ਸ਼੍ਰੋਮਣੀ ਕਮੇਟੀ ਵੱਲੋਂ ਦਿਤਾ ਗਿਆ ਜਵਾਬ:-

ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

Shiromani Gurdwara Parbandhak Committee, Amritsar.

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ

ਨੰਬਰ 37221/੬- ੧ ੪-੬-੭੦

ਸ੍ਰ: ਹਰਬਖਸ਼ ਸਿੰਘ ਸਰਾਏ,

੭੭ ਪੀਅਰ ਰੋਡ ਨੌਰਥ ਫਲੀਟ,

ਕੈਂਟ ਯੂ. ਕੇ.

ਪ੍ਰਯੋਜਨ :- ਧਾਰਮਿਕ ਪੁਛ ਸਬੰਧੀ

ਸ੍ਰੀ ਮਾਨ ਜੀ,

ਆਪ ਜੀ ਦੀ ਪਤ੍ਰਿਕਾ ਮਿਤੀ ੨੧-੮-੭੦ ਦੇ ਸਬੰਧ ਵਿਚ ਸਿੰਘ ਸਾਹਿਬਾਨ, ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸਾਹਿਬ ,ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੀ ਰਾਏ ਹੇਠ ਲਿਖੇ ਅਨੁਮਾਨ ਆਪ ਜੀ ਨੂੰ ਭੇਜੀ ਜਾਂਦੀ ਹੈ :-

(੧) ਸ੍ਰੀ ਅਕਾਲ ਤਖਤ ਸਾਹਿਬ ,ਸ੍ਰੀ ਅੰਮ੍ਰਿਤਸਰ ਵਿਖੇ ਰਾਗ ਮਾਲਾ ਨਹੀਂ ਪੜ੍ਹੀ ਜਾਂਦੀ ਤੇ ਨਾ ਹੀ ਰਾਗ ਮਾਲਾ ਤੇ ਕੋਈ



www.AKJ.Org

ਮਹਲਾ ਆਦਿ ਹੈਡ ਲੈਖ ਵਜੋਂ ਦਿਤਾ ਗਿਆ ਹੈ। ਜਿਸ ਤੋਂ ਨਿਰਨਾ ਹੋ ਸਕੇ ਕਿ ਇਹ ਕਿਸ ਗੁਰੂ ਦੀ ਬਾਣੀ ਹੈ,

(੨) ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਉਪ੍ਰੰਤ ਰਾਗਮਾਲਾ ਨਾ ਪੜ੍ਹੀ ਜਾਵੇ ਤਾਂ ਗ੍ਰੰਥੀ ਸਿੰਘ ਤਨਖਾਹੀਆ ਨਹੀਂ।

(੩) ਆਦਿ ਬੀੜ ਕਰਤਾਰਪੁਰ ਸਾਹਿਬ ਵਾਲੀ ਵਿਚ ਰਾਗ ਮਾਲਾ ਹੈ ਪਰ ਤੇਰਾ ਕੀਤਾ ਜਾਤੋ ਨਾਹੀਂ ਦੇ ਸ਼ਬਦ ਦੇ ਪਿਛੋਂ ਹੈ। ਦਸਖਤਾਂ ਤੋਂ ਪਿਛੋਂ ਹੈ।

ਨੋਟ:- ਰਹਿਤ ਮਰਯਾਦਾ ਦੀ ਇਕ ਕਾਪੀ ਭੇਜੀ ਜਾਂਦੀ ਹੈ।

ਸ਼ੁਭਚਿੰਤਕ,
ਸਹੀ
ਮੀਤ ਸਕੱਤਰ (ਪ੍ਰ:),
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਨਥੀ- ਰਹਿਤ ਮਰਯਾਦਾ।

# ਕੇਸਾਂ ਦੀ ਮਹਾਨਤਾ

(ਗਿਆਨੀ ਗੋਪਾਲ ਸਿੰਘ ਜੀ *'ਮਿੱਤਰ'*)

ਰੋਮ ਦਾਤ ਅਮੋਲਕ ਹਨ ਰੱਬ ਜੀ ਦੀ, ਪੈਦਾ ਆਪ ਹੀ ਉਹ ਸਿਰਜਨਹਾਰ ਕਰਦੈ।
ਆਤਮ-ਬਲ ਦਾ ਸੋਮਾ ਹਨ ਕੇਸ ਸੁੰਦਰ, ਸੋਹਣੀ ਰਚਨਾ ਇਹ ਆਪ ਕਰਤਾਰ ਕਰਦੈ।
ਭਰੀ ਕੇਸਾਂ ਵਿਚ ਆਕਰਖ-ਸ਼ਕਤੀ, ਉਚ ਵਿਚਾਰ ਦਿਮਾਗ਼ ਤਿਆਰ ਕਰਦੈ।
ਪਾਵਰ-ਹਾਊਸ ਮਨ ਦਾ ਲੰਬੇ ਕੇਸ ਸੋਹਣੇ, ਸਾਇੰਸ ਫ਼ਲਸਫ਼ਾ ਜਿਸਦਾ ਇਜ਼ਹਾਰ ਕਰਦੈ।੧
ਬਰਕਤ ਕੇਸਾਂ ਦੀ ਨਾਲ ਹੀ ਮਨ ਅੰਦਰ, ਸ਼ੁਭ ਗੁਣਾਂ ਦਾ ਮਾਣ ਪ੍ਰਕਾਸ਼ ਹੁੰਦੈ।
ਸੁੱਤੀ ਸੁਰਤ ਜਾਗੇ, ਲਿਵ-ਤਾਰ ਬੱਝੇ, ਹਿਰਦੇ ਵਿਚ ਆ ਨਾਮ ਨਿਵਾਸ ਹੁੰਦੈ।
ਸ਼ੁਭ ਮਤਿ, ਸ਼ੁਭ ਪ੍ਰੇਰਨਾ ਕੇਸ ਦੇਂਦੇ, ਹਰਦਮ ਖੇੜਾ ਉਮਾਹ ਵਿਗਾਸ ਹੁੰਦੈ।
ਉਚ ਆਚਰਨ, ਵਿਚਾਰ, ਵਿਹਾਰ ਉੱਚੇ, ਸਫਲ ਬੰਦੇ ਦਾ ਹਰ ਇਕ ਸੁਆਸ ਹੁੰਦੈ।੨।
ਬੀਤੇ ਸਮੇਂ ਤੇ ਜਦੋਂ ਹੈ ਨਜ਼ਰ ਪੈਂਦੀ, ਰਿਸ਼ੀ, ਮੁਨੀ, ਅਵਤਾਰਾਂ ਦੇ ਕੇਸ ਦਿਸਦੇ।
ਸਾਬਤ ਸੂਰਤ ਪਰਮਾਤਮਾ ਆਪ ਕੇਸ਼ਵ, ਕੇਸ-ਧਾਰੀ ਬ੍ਰਹਮਾ, ਸ਼ਿਵ, ਮਹੇਸ਼ ਦਿਸਦੇ।
ਵਿਸ਼ਵਾ ਮਿਤ੍ਰ, ਵਸਿਸ਼ਟ ਤੇ ਰਾਮ-ਲਛਮਣ, ਕੇਸਾਂ ਵਾਲਿਆਂ ਦੇ ਸੋਹਣੇ ਵੇਸ ਦਿਸਦੇ।
ਹੋਇਆ ਕ੍ਰਿਸ਼ਨ-ਕਨਈਆ ਵੀ ਕੇਸ-ਧਾਰੀ, ਕੇਸਾਂ ਵਾਲੇ ਹੀ ਸਾਰੇ ਨਰੇਸ਼ ਦਿਸਦੇ।੩।
ਜੀਵਨ ਕ੍ਰਿਸ਼ਨ ਦਾ ਵਾਚ ਕੇ ਵੇਖੀਏ ਜੇ, ਕੰਸ ਕੇਸਾਂ ਤੋਂ ਪਕੜ ਪਟਕਾਰਿਆ ਸੀ।
ਫੜਿਆ ਜਦੋਂ ਰੁਕਮਣ ਵੀਰ ਰੁਕਮਣੀ ਦਾ, ਜੂੜਾ ਕਟ ਕੇ ਉਸਨੂੰ ਫਿਟਕਾਰਿਆ ਸੀ।
ਉਗ੍ਰਸੈਨ, ਬਲਭਦ੍ਰ, ਸਭ ਕੇਸ-ਧਾਰੀ, ਰੱਬੀ ਰੂਪ ਸੁੰਦਰ ਜਿਨ੍ਹਾਂ ਧਾਰਿਆ ਸੀ।
ਦ੍ਰੋਣਾ-ਚਾਰਯ ਜਹੇ ਵੀਰ ਵਿਦਵਾਨ ਨੇ ਵੀ, ਕੇਸਾਂ ਨਾਲ ਸਰੀਰ ਸ਼ਿੰਗਾਰਿਆ ਸੀ।੪।
ਦਸਰਥ, ਜਨਕ ਰਾਜੇ, ਬੁਧ ਵਰਗਿਆਂ ਨੇ, ਸੋਹਣੇ ਕੇਸਾਂ ਦੇ ਤਾਈਂ ਸਤਕਾਰਿਆ ਏ।
ਈਸਾ, ਹਜ਼ਰਤ ਮੁਹੰਮਦ ਸਨ ਕੇਸ-ਧਾਰੀ, ਉਨ੍ਹਾਂ ਕੇਸਾਂ ਦਾ ਰਹੱਸਯ ਪਰਚਾਰਿਆ ਏ।
ਕੇਸ-ਧਾਰੀ ਲੁਕਮਾਨ, ਸੁਕਰਾਤ ਹੋਏ, ਔਸ਼ਧਿ ਫ਼ਲਸਫ਼ਾ ਜਿਨ੍ਹਾਂ ਵਿਚਾਰਿਆ ਏ।
ਮਹਾਂ ਕਵੀ ਵਿਦਵਾਨ ਟੈਗੋਰ ਵੇਖੋ, ਸੀਸ ਕੇਸਾਂ ਦੇ ਨਾਲ ਸਵਾਰਿਆ ਏ।੫।
ਨਾਨਕ ਗੁਰੂ ਤੋਂ ਲੈ ਕੇ ਦਸਾਂ ਜਾਮਿਆਂ ਤਕ ਕੇਸ ਧਾਰੀ ਹੀ ਗੁਰੂ ਅਵਤਾਰ ਹੋਏ।
ਬਾਬਾ ਬੁੱਢਾ, ਗੁਰਦਾਸ ਜੀ ਕੇਸ-ਧਾਰੀ, ਪਰਵਾਨ ਜੋ ਸਤਿਗੁਰੂ ਦਰਬਾਰ ਹੋਏ।
ਪਿਆਰੇ ਨਿਤਰੇ ਸਨ ਤੇਗ ਦੀ ਧਾਰ ਵਿਚੋਂ, ਕੇਸਾਂ ਕਾਰਨ ਹੀ ਪੰਜ ਤਿਆਰ ਹੋਏ। ੬।
ਕੇਸ ਦਾੜ੍ਹੇ ਨੂੰ ਧਾਰ ਮਨੁਖ *'ਮਿੱਤਰ'*, ਰੂਪ ਕੁਦਰਤੀ ਬਾਂਕਾ ਸਰਦਾਰ ਦਿਸਦੈ।
ਸੁੰਦਰ ਸੀਸ ਤੇ ਸੋਹਣੀ ਦਸਤਾਰ ਸੋਹੇ, ਪੂਰਨ ਪੁਰਖ ਪਰਤਾਪੀ ਸਾਕਾਰ ਦਿਸਦੈ।
ਕਲਗੀ ਵਾਲੇ ਬਖਸ਼ਿੰਦ ਦੀ ਮਿਹਰ ਦੁਆਰਾ, ਹਰ ਪਾਸਿਓਂ ਹੁੰਦਾ ਸਤਿਕਾਰ ਦਿਸਦੈ।
ਜੀਂਦਾ ਜੀਵਨ ਉਹ ਜੀਉਂਦਾ ਜਗ ਅੰਦਰ, ਉਸ ਦੇ ਹਿਰਦੇ ਵਿਚ ਬੈਠਾ ਨਿਰੰਕਾਰ ਦਿਸਦੈ।੭।



www.AKJ.Org

## ਰਿਸ਼ਤੇ ਨਾਤੇ

ਨੋਟ :- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਇਕ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫਾ ਜ਼ਰੂਰ ਭੇਜੋ ਜੀ।

ਸੋਧ :- ਅਪ੍ਰੈਲ 97 ਦੇ ਅੰਕ ਵਿਚ LD-117 ਦੀ ਛਪਾਈ ਵਿਚ ਹੋਈ ਗਲਤੀ ਨੂੰ ਹੇਠ ਲਿਖੇ ਅਨੁਸਾਰ ਸੋਧ ਲਓ ਜੀ।

LD-117 40 ਸਾਲਾ, ਅੰਡਰ ਮੈਟ੍ਰਿਕ ਕੀਰਤਨੀਆਂ ਦੁਕਾਨਦਾਰੀ ਕਰਦੇ ਮਾਸਿਕ ਆਮਦਨ 15000/- 16 ਅਤੇ 14 ਸਾਲ ਦੀ ਉਮਰ ਦੇ ਦੋ ਬੱਚਿਆਂ ਵਾਲੇ ਦੁਹਾਜੂ ਸਿੰਘ ਲਈ ਬਗੈਰ ਕਿਸੇ ਦੁਨਿਆਵੀ ਜਾਤ ਪਾਤ ਦੇ ਬੰਧਨ ਤੋਂ ਗੁਰਸਿੱਖ ਬੀਬੀ ਦੀ ਲੋੜ ਹੈ।

LD-121 30 ਸਾਲਾ, ਕੱਦ 5'7", ਹਾਇਰ ਸੈਕੰਡਰੀ ਅਤੇ I.T.I ਪਾਸ ਕਾਰਪੇਂਟਰ ਦੀ ਪੱਕੀ ਨੌਕਰੀ ਤਨਖ਼ਾਹ 3000/- ਮਾਸਿਕ ਦੀ ਨੌਕਰੀ ਵਾਲੇ ਤਲਾਕਸ਼ੁਦਾ ਦੁਹਾਜੂ ਸਿੰਘ ਲਈ ਬੀਬੀ ਦੀ ਲੋੜ ਹੈ।

LD-122 25 ਸਾਲਾ, ਕੱਦ 5'4", ਬੀ. ਏ. ਬੀ. ਐਡ. ਪਾਸ ਐਮ. ਏ. II ਕਰ ਰਹੀ ਅਖੰਡਪਾਠੀ ਕੀਰਤਨੀ ਸਰਕਾਰੀ ਟੀਚਰ ਮਾਸਿਕ ਤਨਖਾਹ 5500/- ਦੀ ਨੌਕਰੀ ਕਰ ਰਹੀ ਬੀਬੀ ਵਾਸਤੇਵਰ ਦੀ ਲੋੜ ਹੈ।

LD-123 21 ਸਾਲਾ, ਕੱਦ 5'2", ਬੀ. ਏ. ਪਾਸ, ਕੀਰਤਨ ਅਤੇ ਪੇਂਟਿੰਗ ਜਾਣਦੀ ਗੁਰਮੁਖ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-124 28 ਸਾਲਾ ਕੱਦ 5'6" ਮੈਟ੍ਰਿਕ ਪਾਸ, ਖੇਤੀ ਬਾੜੀ ਕਰਦੇ ਸਿੰਘ ਲਈ ਬਗੈਰ ਕਿਸੇ ਲੈਣ ਦੇਣ ਜਾਂ ਦੁਨਿਆਵੀ ਜਾਤ ਪਾਤ ਤੋਂ ਯੋਗ ਬੀਬੀ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੂੰਜੀ ਸਹਾਇਤਾ

| | | | |
|---|---|---|---|
| ਸ੍ਰ:ਬਲਜਿੰਦਰ ਸਿੰਘ ਟੀਚਰ ਲੁਧਿਆਣਾ | 500/- | ਸ੍ਰ:ਗੁਰਵਿੰਦਰ ਸਿੰਘ | 40/- |
| ਸ੍ਰ:ਨਿਰੰਜਨ ਸਿੰਘ ਰਾਹੀਂ ਭਾਈ ਗੁਰਨਾਮ ਸਿੰਘ ਯੂ.ਕੇ | 1325/- | ਫ੍ਰੀ ਲਿਟ੍ਰੇਚਰ ਫੰਡ ਲਈ ਗੁਪਤ | 300/- |

## ਸੂਚਨਾ

1. ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਭੇਟਾ ਰਹਿਤ ਹਾਸਲ ਕਰਨ ਲਈ ਹੇਠ ਲਿਖੇ ਪਤੇ ਤੋਂ ਸੰਪਰਕ ਕਰੋ ਜੀ।
2. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਬਿਰਧ ਸਰੂਪ, ਗੁਟਕੇ ਤੇ ਪੋਥੀਆਂ ਦੀ ਅਦਬ ਸਤਿਕਾਰ ਸਹਿਤ ਅਗਨ ਭੇਟ ਸੇਵਾ ਇਸ ਅਸਥਾਨ ਤੇ ਹੁੰਦੀ ਹੈ। ਕ੍ਰਿਪਾ ਕਰਕੇ ਸੰਪਰਕ ਕਰੋ ਜੀ।

ਗੁਰਦੁਆਰਾ ਪ੍ਰਭੂ ਸਿਮਰਨ ਕੇਂਦਰ Ph. 456575, 459475
ਛੋਟੀ ਜਵੱਦੀ (ਨੇੜੇ ਮਾਡਲ ਟਾਊਨ ਐਕਸਟੇਸ਼ਨ) ਲੁਧਿਆਣਾ

## ਫ੍ਰੀ ਲਿਟਰੇਚਰ ਫੰਡ ਵਿਚ ਆਪਣਾ ਹਿੱਸਾ ਪਾਓ ਜੀ।

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਮਾਇਆ *'ਸੂਰਾ'* ਦੇ ਸਬ-ਆਫ਼ਿਸ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-2 ਜਾਂ *'ਸੂਰਾ'* ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵਾਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2. ਚੈੱਕ, ਡਰਾਫ਼ਟ ਆਦਿ ਭੇਜਣ ਵੇਲੇ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। 3. ਮਨੀਆਰਡਰ ਫਾਰਮ ਉੱਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰ:, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਲਿਖੋ ਜੀ।

ਸੰਪਾਦਕ

## ਯੂ:ਕੇ. ਵਿਚ ਮੇਖ ਰਹਿਤ ਗੁਰਮਤਿ ਦੀਆਂ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੇਖ ਰਹਿਤ ਪੁਸਤਕਾਂ ਡਾਕ ਖਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ 11-Apollo Way PERRYBARR BIRMINGHIM-20( UK.)

www.AKJ.Org

## ਮਾਸਿਕ ਰੈਣਿ ਸਬਾਈ ਕੀਰਤਨ ਮਲੇਰਕੋਟਲਾ ਵਿਖੇ 10 ਮਈ ਰਾਤ ਨੂੰ

ਸ਼ਹੀਦ ਬੀਬੀ ਅਨੂਪ ਕੌਰ ਦੀ ਯਾਦ ਵਿਚ ਗੁਰਦੁਆਰਾ *'ਹਾਅ ਦਾ ਨਾਹਰਾ'* ਮਲੇਰਕੋਟਲਾ (ਸੰਗਰੂਰ) ਵਿਖੇ 10 ਮਈ 1997 ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ। ਆਇ ਜੁੜੋ ਜੀ।

## ਗੁ: ਮਾਡਲ ਹਾਊਸ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ 17 ਮਈ ਰਾਤ ਨੂੰ

## ਕਾਹਨੂੰਵਾਨ (ਛੰਭ) ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ

ਗੁਰਦੁਆਰਾ ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) ਵਿਖੇ ਸ਼ਹੀਦਾਂ ਦੀ ਯਾਦ ਵਿਚ 24 ਮਈ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। ਰਾਤ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ।

## ਪਠਾਨਕੋਟ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁਰਦੁਆਰਾ ਸਾਹਿਬ ਪਿੰਡ ਬਾਰਠ (ਪਠਾਨਕੋਟ-ਅੰਮ੍ਰਿਤਸਰ ਸੜਕ ਤੇ ਪਠਾਨਕੋਟ ਤੋਂ 8 ਕਿ:ਮੀ:) ਵਿਖੇ 31 ਮਈ 1997 ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ ਸ਼ਾਮ 7ਵਜੇ ਸੋਦਰ ਉਪ੍ਰੰਤ ਆਰੰ[illegible] ਰੈਣਿ ਸਬਾਈ ਕੀਰਤਨ ਤੇ ਅਮ੍ਰਿਤ ਸੰਚਾਰ

ਨੋਟ :- ਪਠਾਨਕੋਟ ਬੱਸ ਅੱਡੇ ਤੋਂ ਸ਼ਾਮ ਨੂੰ 8 ਵਜੇ ਸਮਾਗਮ ਅਸਥਾਨ ਲਈ ਟ੍ਰਾਲੀਆਂ ਚਲਣਗੀਆਂ।

## ਕੈਨੇਡਾ ਵਿਖੇ ਲੜੀਵਾਰ ਅਖੰਡ ਕੀਰਤਨ ਸਮਾਗਮ

ਪ੍ਰੋਗਰਾਮਾਂ ਦਾ ਵੇਰਵਾ: -

| DATE | DAY | PLACE | TIME |
|---|---|---|---|
| 19 May | Monday | 33094 S.Fraser Way, Abbs Gurdwara Sahib | 6-8 PM |
| 20 May | Tuesday | 1890 Skeena St.-A.S. Gurdwara Sahib,Van. | 6-8 PM |
| 21 May | Wednesday | 5600 Dorset St.-R.S. Gurdwara Sahib, S.Bby | 6-8 PM |
| 22 May | Thursday | 347 Wood Street-New West Gurdwara Sahib | 6-8 PM |
| 23 May | Friday | 8000 Ross Street- Gurdwara Sahib, Vancouver | 6-9 PM |
| 24 May | Saturday | 6933-124 Street-Khalsa School Surrey | 6-11AM |

ਰੈਣਿ ਸਬਾਈ ਕੀਰਤਨ : ਸ਼ਨੀਵਾਰ 24 ਮਈ ਰਾਤ 8 ਵਜੇ 6933-124 Street Khalsa School Surrey ਵਿਖੇ

ਅੰਮ੍ਰਿਤ ਸੰਚਾਰ : 24 ਮਈ ਸਵੇਰੇ 7 ਵਜੇ ਖਾਲਸਾ ਸਕੂਲ ਸਰੀ ਵਿਖੇ ਹੀ ਆਰੰਭ ਹੋਣਗੇ।

ਪੁੱਛਗਿਛ : ਮਾਸਟਰ ਉਜਾਗਰ ਸਿੰਘ ਫੋਨ : 604-590-6900 ਭਾਈ ਅਨਿਲਜੀਤ ਸਿੰਘ 604-572-6912

ਦਾਸਰੇ :- ਅਖੰਡ ਕੀਰਤਨੀ ਜੱਥਾ ਬ੍ਰਿਟਿਸ਼ ਕੋਲੰਬੀਆ।

## ਗੁ: ਤਪੋਬਨ ਕੁਮਾਰਹੱਟੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

1. ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਸਬੰਧ ਵਿਚ 8 ਜੂਨ ਐਤਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਅਖੰਡ ਕੀਰਤਨ ਤੇ ਰਾਤ ਨੂੰ ਰੈਣਿ ਸਬਾਈ ਕੀਰਤਨ 9 ਜੂਨ ਸਮਾਪਤੀ ਸਵੇਰੇ 5 ਵਜੇ।
2. ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਵਸ ਤੇ 28 ਜੂਨ ਸ਼ਨੀਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਅਖੰਡ ਕੀਰਤਨ ਤੇ ਰਾਤ ਰੈਣਿ ਸਬਾਈ ਕੀਰਤਨ।

## ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਤੇ ਕੇਂਦਰੀ ਕੀਰਤਨ ਸਮਾਗਮ ਹੁਸ਼ਿਆਰਪੁਰ ਵਿਖੇ

6 ਜੂਨ 1997 ਸ਼ੁਕਰਵਾਰ 7ਤੋਂ 9 ਸੋਦਰ ਅਤੇ ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਵਿਖੇ।

7 ਜੂਨ ਸ਼ਨੀਵਾਰ ਸਵੇਰੇ 4 ਤੋਂ 6 ਕੀਰਤਨ ਆਸਾ ਦੀ ਵਾਰ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਸਿੰਘ ਸਭਾ ਰੇਲਵੇ ਰੋਡ ਸ਼ਾਮ 4 ਵਜੇ ਆਰੰਭ ਨਗਰ ਕੀਰਤਨ ਗੁ: ਸਿੰਘ ਸਭਾ ਰੇਲਵੇ ਰੋਡ ਤੋਂ।

8 ਜੂਨ 1997 ਐਤਵਾਰ ਸਵੇਰੇ 6 ਤੋਂ 12 ਅਖੰਡ ਕੀਰਤਨ ਗੁ: ਭਾਈ ਜੋਗਾ ਸਿੰਘ ਜੀ ਮਹੱਲਾ ਸ਼ੇਖਾਂ ਵਿਖੇ। ਸ਼ਾਮ 7 ਤੋਂ 9 ਅਖੰਡ ਕੀਰਤਨ ਗੁ: ਕਲਗੀਧਰ ਨੇੜੇ ਰੋਸ਼ਨ ਗਰਾਊਂਡ।

9 ਜੂਨ 1997 ਸੋਮਵਾਰ ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ। ਸ਼ਾਮ 7 ਵਜੇ ਸੋਦਰ ਉਪ੍ਰੰਤ ਅਰੰਭ ਰੈਣਿ ਸਬਾਈ ਕੀਰਤਨ ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ।

ਅੰਮ੍ਰਿਤ ਸੰਚਾਰ :- 9 ਜੂਨ ਸੋਮਵਾਰ ਸ਼ਾਮ 7 ਵਜੇ ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਅਰੰਭ ਹੋਣਗੇ।

ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ :- ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਦਾਸਰੇ - ਪ੍ਰਬੰਧਕ ਕਮੇਟੀ ਗੁ: ਸਿੰਘ ਸਭਾ, ਰੇਲਵੇ ਰੋਡ ਅਤੇ ਅਖੰਡ ਕੀਰਤਨੀ ਜੱਥਾ ਹੁਸ਼ਿਆਰਪੁਰ।

SURA (Monthly) KOTHI No. 12, BLOCK-I, BHAI RANDHIR SINGH NAGAR, LUDHIANA-141004

www.AKJ.Org